Bilingual English & Punjabi • Bi-Weekly

Punjabi Patrika

ਪੰਜਾਬੀ ਪੱਤ੍ਰਿਕਾ

Punjabi Patrika

FREE COPY
Apr 21- May 04, 99
Vol. 3
No. 16

1481 Tracey Road, Abbotsford, B.C. V2T 6G4 • Tel: 852-2288 • Fax: 852-1878 • E-mail: punjabipatrika@bc.sympatico.ca

AWARD WINNING

RANGEELA DANCE SCHOOL
now offering
FREE
Punjabi & Hindi Classes
Register now and get a FREE Rangy Baba CD and Learn the Rangy Baba Dance

CLASS FOR ALL AGES
Learn Bhangra, Filmy, Classical, Folk, Giddha, Dhol
Hindi & Punjabi Classes

Hot-line for Lower-mainland
1-604-594-6866
Toll Free: 1-87-RANGEELA
Fraser Valley: 504-3114
Abbotsford 2 Locations to Serve You

Spring Semester Starting for Vancouver, Burnaby, Surrey, Pitt Meadows, Maple Ridge, Abbotsford, Seattle, Edmonton, Calgary, and Toronto

Attorney General Ujjal Dosanjh attends the 300th year Vaisakhi Celebrations at the Abbotsford Sikh Temple

ਡਿਸਕਾਊਂਟ ਪਾਰਟੀ ਰੈਂਟਲ

ਸਾਡੇ ਕੋਲ 500 ਬੰਦਿਆਂ ਦੀ ਪਾਰਟੀ ਦਾ ਪੂਰਾ ਪ੍ਰਬੰਧ ਹੈ

ਤੁਹਾਨੂੰ ਇਹ ਜਾਣਕੇ ਖੁਸੀ ਹੋਵੇਂਗੀ ਕਿ ਹੁਣ ਤੁਸੀਂ ਵਿਆਹ ਸ਼ਾਦੀਆਂ, ਜਨਮਦਿਨ, ਲੇਡੀਜ਼ ਸੰਗੀਤ, ਅਖੰਡਪਾਠ ਅਤੇ ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਮੇਜ਼ ਕੁਰਸੀਆਂ, ਭਾਂਡੇ, ਸਪੀਕਰ ਅਤੇ ਡੈਕੋਰੇਸ਼ਨ ਦੇ ਸਮਾਨ ਤੋਂ ਇਲਾਵਾ ਪ੍ਰੈਸ਼ਰ ਵਾਸ਼, ਰੱਘ ਧੋਣ ਵਾਲੀਆਂ ਮਸ਼ੀਨਾਂ ਬਹੁਤ ਹੀ ਵਾਜਿਬ ਰੇਟ ਤੇ ਲੈ ਸਕਦੇ ਹੋ।
ਹਰ ਇਕੱ ਸਾਈਜ਼ ਦੇ ਟੈਂਟ ਲਓ।
ਹੋਰ ਜਾਣਕਾਰੀ ਲਈ ਫੋਨ ਕਰੋ:

850-1118
Pgr. 607-9665
(after 6 pm)

Jagsir Mahal

Nahar Mahal

Sidhu Consulting Services

•Income Tax, Payroll and Accounting
•Assistance with all E.I. problems
• Filling Immigration Sponsorship papers
•Punjabi Courses in Pesticides
•Labour Standard Issues

"Over 23 years experience"

Service in English & Punjabi

Call Andy Sidhu
852-2288 or 852-1827

On behalf of OPERATION SMILE the Punjabi Patrika would like to ask all of it's readers to donate generously to the Vanisha Dayal Trust Account.

You can contact us at 852-2288 for your donations or deposit directly into the Trust Account at any Royal Bank Branch.
Deposit Account #5093588
Branch # 5680

ਟਰਾਂਸਵਰਲਡ ਟਰੈਵਲ SPECIAL FARES

TRANSWORLD TRAVEL

from Vancouver to:
Delhi,
Karachi,
Dhaka,
Madras
$1350


Balwant Gill

$10 off with this coupon for travel on Malaysian Airlines

102-2259 Cedar Park Pl., Abbotsford, B.C.
Tel: (605) 852-2204 • Fax: (604) 853-2223
Van. & Surrey : 857-3396

• Life Insurance
• Disability Income
• Dental & Extended Health
• RRSPs & RESPs*
• Mutual Funds*

Licensed with Mutual Life of Canada/Mutual Investco Inc.
* two companies of The Mutual Group.


Ranjit Grewal

Bayant Dhindsa

Rock Hutsul
BA CFP CLU CHFC

Jas Oberoi

Satpal Singh

2692 Clearbrook Road,
Suite 201
Abbotsford, B.C.
V2T 2Y8
(604) 854-6959

The Mutual Group

ਐਬਟਸਫੋਰਡ ਨਿਵਾਸੀਆਂ ਲਈ ਖੁਸ਼ਖਬਰੀ!

Dr. Robin Kaur Srikureja
(Chiropractor)
ਡਾ. ਰੌਬਿਨ ਕੌਰ ਸ਼੍ਰੀਕੁਰੇਜਾ

- ♦ਮੋਢਿਆਂ ਦਾ ਦਰਦ
- ♦ਗਰਦਨ ਦਾ ਦਰਦ
- ♦ਪਿੱਠ ਦਾ ਦਰਦ
- ♦ਸਿਰ ਪਿੜ
- ♦Pain in the Shoulders
- ♦Pain in the neck
- ♦Backache
- ♦Headache

ਗੁਰਦੁਆਰੇ ਤੋਂ ਸਿਰਫ ਪੰਜ ਮਿੰਟ ਦਾ ਰਸਤਾ ਹੀ ਹੈ। (ਹਸਪਤਾਲ ਦੇ ਨੇੜੇ)
ਅਸੀਂ ਪੰਜਾਬੀ ਬੋਲਦੇ ਹਾਂ
ਅਪਾਇੰਟਮੈਂਟ ਬਣਾਉਣ ਲਈ ਅੱਜ ਹੀ ਫੋਨ ਕਰੋ।

Ph. (604) 853-4441

Suite # 102-2306 McCallum Rd. Abbotsford, B.C. V2S3P4

Prudential
Real Estate Abbotsford

ਜ਼ਮੀਨ, ਜਾਇਦਾਦ, ਘਰ, ਖਰੀਦਣ ਜਾਂ ਵੇਚਣ ਲਈ ਦਰਸ਼ਨ ਮਹਿਲ ਨਾਲ ਸੰਪਰਕ ਕਰੋ

40 ਏਕੜ (25 ਏਕੜ ਬਲੂਬੇਰੀ), ਦੋ ਘਰ ਜ਼ਿੰਦਗੀ ਭਰ ਦੀ ਵਧੀਆ ਡੀਲ $1,400,000

40 ਏਕੜ ਪੱਧਰ ਜ਼ਮੀਨ। ਜਿੰਨਾਂ ਵਿਚੋਂ 25 ਏਕੜ ਵਿਚ ਵਧੀਆ ਬਲੂਬੇਰੀ ਦੀ ਫਸਲ। 10 ਏਕੜ ਬਿਜਾਈ ਲਈ ਤਿਆਰ। 2100sq.ft ਰੈਚਰ, ਵੱਡਾ ਮਾਸਟਰ ਬੈਡਰੂਮ, ਏਅਰ ਕੰਡੀਸ਼ਨ, 20x40 ਪੂਲ, ਹਾਟ ਟੱਬ। 10x70 ਨਵੇਂ ਵਰਗਾ ਮੋਬਾਇਲ ਹੋਮ, ਵੱਡਾ ਡੈਕੇ, ਵੱਡੀ ਮਸ਼ੀਨਰੀ ਸ਼ੈਡ ਅਤੇ ਸ਼ੋਪ। ਫੋਨ ਦਰਸ਼ਨ ਮਾਹਲ

Darshan Mahil

DARSHAN S.MAHIL 853-2277

CELEBRATING 50 YEARS

Fraser Valley
Credit Union • Insurance Services

Sukhy Doad
864-6597

ਮੌਰਗੇਜ਼ ਅਤੇ ਇੰਸ਼ੋਰੈਂਸ ਸਪੈਸ਼ਲਿਸਟ

Daljit Bolla
864-6621

Mortgage Specialist
Special Mortgage Offer
- •3% Cash Back (3% ਕੈਸ਼ ਬੈਕ)
- •Free Appraisal (ਫਰੀ ਅਪਰੇਜ਼ਲ)
- •Free Legal Fees (up to $500) (ਫਰੀ ਲਿਗਲ ਫੀਸ 500 ਡਾਲਰ ਤੱਕ)

Some conditions apply (Offer subject to change without notice)

Insurance Specialist
Competitive Rates
- •Home Insurance Upto 50% Off (ਹੋਮ ਇੰਸ਼ੋਰੈਂਸ 50% ਤੱਕ ਆਫ)
- •Commercial Insurance (ਕਮਰਸ਼ੀਅਲ ਇੰਸ਼ੋਰੈਂਸ)
- •Farm Insurance (ਫਾਰਮ ਇੰਸ਼ੋਰੈਂਸ)
- •Auto Plan 72 Available (ਆਟੋ-ਪਲੈਨ 72)

Certain Criteria Apply

#101 - 32071 S. Fraser Way, Abbotsford, B.C. V2T 1W3

B.C. Government to seek repayment from defaulting sponsors

Sponsors who sign agreements to provide financial support for immigrant family members will be required to live up ton those responsibilities, Human Resources Mininter Jan Pullinger said . Effective immediately, the province will launch a new process to seek repayments from sponsors who have defaulted when family members they promised to support end up on welfare.

"Canada's tradition of welcoming immigrants from many nations continues to be a source of vitality and diversity in B.C. communities," said Pullinger. "This is not about making life difficult for immigrants on income assistance, who are already vulnerable. This is about holding sponsors accountable for the commitment they have made to support sponsored relatives."

The sponsorship default recovery project is being implemented under the federal Immigration Act following dicussions with Citizenship and Immigration Canada.

To sponsor immediate family members, Canadian citizens and permanent residents sign an undertaking with the federal government agreeing to provide financial assistance payments during the 10-year period, the sponsor is in default, and the ministry will pursue any outstanding debt.

"Only 1.5 per cent of sponsors actually default their payments," said Vera Radyo, executive director of the Affiliation of Multicultural Societies Agencies of B.C. "We are encouraged that in setting up a process to deal with default, the ministry is recognizing that genuine hardship cases exist and will not penalize vulnerable immigrants."

Over the past decade, close to 136,000 immigrants have come to B.C. under the family class sponsorship program. As of January 1999, about 2,000 BC Benefits cases involve a sponsorship default.

ਬੀ.ਸੀ ਸਰਕਾਰ ਕਸੂਰਵਾਰ ਸਪਾਂਸਰਾਂ ਕੋਲੋਂ ਅਦਾਇਗੀ ਕਰਵਾਏਗੀ

ਵਿਕਟੋਰੀਆ ਵਿਚ ਹਿਊਮਨ ਰਿਸੋਰਸਿਜ਼ ਮੰਤਰੀ ਜੈਨ ਪੁਲਿੰਜਰ ਨੇ ਕਿਹਾ, "ਜਿੰਨ੍ਹਾਂ ਸਪਾਂਸਰਾਂ ਨੇ ਆਪਣੇ ਪਰਵਾਰ ਨੂੰ ਇਥੇ ਬੁਲਾਉਣ ਸਮੇਂ ਉਸ ਪ੍ਰਵਾਰ ਦੀ ਮਾਲੀ ਸਹਾਇਤਾ ਕਰਨ ਲਈ ਇੱਕ ਸਮਝੌਤੇ ਤੇ ਹਸਤਾਖਰ ਕੀਤੇ ਸਨ, ਉਨਾਂ ਨੂੰ ਉਹ ਜ਼ੁਮੇਵਾਰੀਆਂ ਪੂਰੀਆਂ ਕਰਨੀਆਂ ਪੈਣਗੀਆਂ। ਸੂਬਾਈ ਸਰਕਾਰ ਤੁਰੰਤ ਹੀ ਉਨ੍ਹਾਂ ਸਪਾਂਸਰਾਂ ਕੋਲੋਂ ਅਦਾਇਗੀ ਕਰਵਾਉਣ ਲਈ ਨਵੀਂ ਪ੍ਰਕ੍ਰਿਆ ਸ਼ੁਰੂ ਕਰੇਗੀ ਜਿਹੜੇ ਆਪਣੇ ਪ੍ਰਵਾਰ ਦੇ ਉਨ੍ਹਾਂ ਮੈਂਬਰਾਂ ਦੀ ਸਹਾਇਤਾ ਨਹੀਂ ਕਰ ਸਕੇ ਅਤੇ ਉਹ ਮੈਂਬਰ 'ਵੈਲਫੇਅਰ' ਦੀ ਸਹਾਇਤਾ ਲੈ ਰਹੇ ਹਨ। "ਕੈਨੇਡਾ ਦੀ, ਬਹੁਤ ਸਾਰੇ ਦੇਸ਼ਾਂ ਦੇ ਆਵਾਸੀਆਂ ਨੂੰ ਇਥੇ ਜੀ ਆਇਆਂ ਕਹਿਣ ਦੀ ਪੁੰਪਰਾ ਬੀ.ਸੀ ਦੇ ਭਾਈਚਾਰਿਆਂ ਵਿਚ ਅਨੇਕਤਾ ਅਤੇ ਸ਼ਕਤੀ ਸਥਾਪਤ ਕਰਨ ਦਾ ਸਾਧਨ ਬਣੀ ਹੋਈ ਹੈ" ਪੁਲਿੰਜਰ ਨੇ ਆਖਿਆ, "ਇਹ ਮੁਹਿੰਮ ਇਨਕਮ ਸਹਾਇਤ ਉਪਰ ਨਿਰਭਰ ਪ੍ਰਵਾਰਾਂ ਦੇ ਜੀਵਨ ਨੂੰ ਔਖਾ ਬਨਾਉਣ ਲਈ ਨਹੀਂ ਹੈ। ਇਸ ਦਾ ਨਿਸ਼ਾਨਾ ਉਨ੍ਹਾਂ ਸਪਾਂਸਰਾਂ ਨੂੰ ਆਪਣੇ ਦਿਤੇ ਵਾਅਦਿਆਂ ਲਈ ਜ਼ਮੇਵਾਰ ਠਹਿਰਾਉਣਾ ਹੈ ਜਿੰਨ੍ਹਾਂ ਨੇ ਉਨ੍ਹਾਂ ਆਵਾਸੀਆਂ ਦੀ ਸਹਾਇਤਾ ਕਰਨ ਦਾ ਵਚਨ ਦਿਤਾ ਹੋਇਆ ਹੈ।"

ਸਪਾਂਸਰਸ਼ਿਪ ਉਕਾਈ ਦੀ ਵਾਪਸ ਅਦਾਇਗੀ ਦਾ ਇਹ ਪ੍ਰੋਜੈਕਟ ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਕੈਨੇਡਾ ਨਾਲ ਚਰਚਾ ਕਰਨ ਉਪਰੰਤ ਫੈਡਰਲ ਇਮੀਗ੍ਰੇਸ਼ਨ ਐਕਟ ਅਧੀਨ ਸ਼ੁਰੂ ਕੀਤਾ ਜਾ ਰਿਹਾ ਹੈ। ਆਪਣੇ ਪ੍ਰਵਾਰ ਦੇ ਜੀਆਂ ਨੂੰ ਸਪਾਂਸਰ ਕਰਨ ਲਈ ਕੈਨੇਡੀਅਨ ਸ਼ਹਿਰੀ ਅਤੇ ਪੱਕੇ ਵਾਸੀ ਫੈਡਰਲ ਸਰਕਾਰ ਨੂੰ ਇਕ ਲਿਖਤ ਦਿੰਦੇ ਹਨ ਜਿਸ ਵਿਚ ਉਹ ਆਪਣੇ ਪ੍ਰਵਾਰ ਦੇ ਕੈਨੇਡਾ ਪਹੁੰਚਣ ਉਪਰੰਤ 10 ਸਾਲਾਂ ਤਕ ਸਹਾਇਤਾ ਕਰਨ ਲਈ ਆਪਣੀ ਸਹਿਮਤੀ ਪ੍ਰਗਟ ਕਰਦੇ ਹਨ।

ਜੇ ਆਉਣ ਵਾਲੇ ਦਾ ਕੋਈ ਮੈਂਬਰ 10 ਸਾਲਾਂ ਦੇ ਅੰਦਰ ਕਿਸੇ ਵੀ ਤਰਾਂ ਦੀ ਸੂਬਾਈ ਸੋਸ਼ਲ ਸਹਾਇਤਾ ਪ੍ਰਾਪਤ ਕਰਦਾ ਹੈ ਤਾਂ ਸਪਾਂਸਰ ਕਸੂਰਵਾਰ ਹੋ ਜਾਂਦਾ ਹੈ ਅਤੇ ਮੰਤ੍ਰਾਲਾ ਉਸ ਕੋਲੋਂ ਬਕਾਏ ਦੀ ਵਾਪਸੀ ਲਈ ਪੈਰਵੀ ਕਰੇਗਾ।

ਅਫੀਲੀਏਸ਼ਨ ਔਫ ਮਲਟੀਕਲਚਰਲ ਸੋਸਾਇਟੀਜ਼ ਐਂਡ ਸਰਵਿਸਿਜ਼ ਔਫ ਬੀ.ਸੀ ਦੇ ਡਾਇਰੈਕਟਰ ਵੇਰਾ ਰਾਡੋ ਦਾ ਕਹਿਣਾ ਹੈ "ਕੇਵਲ 1.5% ਸਪਾਂਸਰ ਹੀ ਕਸੂਰਵਾਰ ਹਨ। ਅਸੀਂ ਇਸ ਗਲੋਂ ਸਤੁੰਸ਼ਟ ਹਾਂ ਕਿ ਇਸ ਪ੍ਰਕ੍ਰਿਆ ਨੂੰ ਅਮਲ ਵਿਚ ਲਿਆਉਣ ਸਮੇਂ ਮੰਤ੍ਰਾਲਾ ਸੱਚ ਮੁੱਚ ਦੁਖੀ ਪ੍ਰਵਾਰਾਂ ਬਾਰੇ ਚੇਤੰਨ ਹੈ ਅਤੇ ਅਜਿਹੇ ਆਵਾਸੀਆਂ ਨੂੰ ਦੰਡ ਨਹੀਂ ਦੇਵੇਗਾ।"

ਪਿਛਲੇ ਦਹਾਕੇ ਵਿਚ ਫੈਮਲੀ ਕਲਾਸ ਅਧੀਨ ਲਗਭਗ 136,000 ਆਵਾਸੀ ਬੀ.ਸੀ ਵਿੱਚ ਆਏ ਹਨ। ਜਨਵਰੀ 1999 ਨੂੰ ਤਕਰੀਬਨ 2000 ਬੀ.ਸੀ ਬੈਨੀਫਿਟ ਕੇਸ ਸਪਾਂਸਰਸ਼ਿਪ ਉਕਾਈ/ਉਲੰਘਣਾ ਵਿੱਚ ਆਉਂਦੇ ਹਨ।

ਇਸ ਸਬੰਧੀ ਜਾਣਕਾਰੀ ਲਈ ਸੰਪਰਕ ਕਰੋ:
ਮੇਰੀਸਾ ਅਡੇਅਰ, ਮੀਡੀਆ ਰਿਲੇਸ਼ਨ ਮੈਨੇਜਰ
(250) 387-6485

IF YOU CARE

If you care to read your local newspapers, you'll find a very disturbing trend of how an increasing number of our young people in schools are getting hooked on to smoking at a very early age, taking drugs, skipping classes, and getting involved in all kinds of harmful and criminal activities.

If you care note that Sikh youth are constantly under pressure to convert from Sikhism, and, those that already have, are going further to become priests and preachers and targeting more of your children to convert under the guise of holding athletic youth camps and trips.

If you care as a parent about your son's or daughter's social, moral, religious, and educational well being, then you must provide an environment where these very important factors are encouraged and fostered.

For Your Kids' Sake

Dasmesh Punjabi School

(Group 1 Independent School - Winners of the B.C. Council of Human Rights Visual and Language Arts competition, five years in a row; Small Schools District Basketball champions, 1999)

Last date for registration, April 16th, 1999
Phone: **855-1917 (Tues & Thurs, 10:00 - 3:00)**
852-8986 (Mon - Fri 9:00-4:00)

Primary Campus
33094 South Fraser Way
Abbotsford, B.C. V2S 2A9
Rajinder Dhaliwal (Secretary)

Intermediate Campus
34371 4th Ave
Abbotsford, B.C. V2S 8E6
Dalip Singh Gill (Principal)

ACCURATE AUTO BODY & PAINT LTD.

ਐਕੁਰੇਟ ਆਟੋ ਬਾਡੀ ਤੇ ਪੇਂਟ ਲਿਮਿ.

ਵਾਜਿਬ ਰੇਟ ਅਤੇ ਤਸੱਲੀਬਖਸ਼ ਕੰਮ ਲਈ ਫੋਨ ਕਰੋ:
ਪ੍ਰਿਥੀਪਾਲ ਸਿੰਘ ਖੰਗੂੜਾ
ਜਾਂ
ਭੁਪਿੰਦਰ ਸਿੰਘ ਢਿਲੋਂ

- ਪ੍ਰਾਈਵੇਟ ਅਤੇ I.C.B.C. ਕਲੇਮ
- ਫਰੀ ਪਿੰਨ ਸਟ੍ਰਾਈਪ ਤੇ ਗਰੈਵਲ ਗਾਰਡ
- ਫਰੀ ਪਿੰਕਅੱਪ ਤੇ ਡਲਿਵਰੀ ਸਰਵਿਸ
- ਉਤੱਮ ਕੁਆਲਿਟੀ ਬਾਡੀਵਰਕ ਤੇ ਪੇਂਟ
- ਕਾਰਾਂ ਦੇ ਸ਼ੀਸ਼ਿਆਂ ਦੀ ਅਦਲਾ ਬਦਲੀ

"We will beat any written estimate."

UNIT #5 - 31088 PEARDONVILLE ROAD, ABBOTSFORD, B.C.
PHONE: 850-5001

What happens when you buy organic?

1. Your food tastes better:
That's the very simple reason many of Canada's top chefs now call for organically grown food. "Taste the difference for yourself".

2. You keep chemicals off your plate :
"Organically grown" means grown without toxic pesticides, herbicides, fungicides or soil damaging artificial fertilizers. A 1987 U.S. Academy of Science report estimated pesticides might cause an extra 1.4 million cancer cases. "Not very appetizing"

3. You protect future generations:
The recently released Environmental Working Group report states, "by the time a child is a year old, he or she will have already received the acceptable lifetime dose of eight carcinogenic pesticides." "Children are most at risk.

4. You protect water quality:
We are two-thirds water. Halt pesticide run-off into our water supply in areas such as the Fraser Valley. The U.S.E.P.A. estimates pesticides, some cancer causing, now pollute one half of that country's drinking water. "Organic free water purifier included".

5. You Rebuild Good Soil:
Reverse the loss of more than three billion tons of topsoil annually in North America. Organic agriculture uses compost and cover crops to rebuild healthy, living soil, which in turn builds flavour back into food. "Organic matters."

6. You may spend less for more nutrition:
A recent preliminary study by Doctor's Data of Chicago indicates organic fruit and vegetables contain an average two and one half times more minerals than chemically produced food. "Natural multi-vitamins."

7. You pay the real cost of real food:
Organic is. In fact, cheapest form of food. A head of lettuce seems to cost 59 cents, but don't forget the huge hidden costs paid out through taxes for such things as hazardous waste disposal and medi-care spending. Author Gary Null says, "If you add in the real environmental and social costs to a head of lettuce, its price can range between $2 and $3." "Organic: The real bargain".

8. You help small farmers and workers:
It's the family farm and farm workers that need preserving, not the food. Buying "organic" preserves small farms at a time when North America ha lost over 650,000 farms in the last decade. It also helps end the annual pesticide poisoning of estimated one million farm workers worldwide. "Healthy preservatives"

9. You help restore biodiversity:
Organic farms create strong, balanced ecosystems of mixed crops, rather than single crop plantings, which are more susceptible to pests. Despite a tenfold increase in the use of pesticides between 1947 and 1974 crop losses due to insects have doubled. "Natural pesticides."

10. You reduce global warming and save energy:
Soil under chemical attack releases massive amounts of CO_2, methane and nitrous oxide according to Amory Lovins of the Rocky Mountain Institute. Sustainable agriculture and forestry could eliminate 25% of all global warming. More energy is currently consumed to produce artificial fertilizers than to till and harvest all crops in the U.S. "Organic enough to save a planet."

(Based on an article by Sylvia Tawse of Alfalfa's Markets.)

PUNJABI PATRIKA
1481 Tracey Street
Abbotsford, B.C. • V2T 6G4
Telephone: 852-2288

Editorial

Within the last two months we have been rather extremely busy attending one function after another. Various groups and bodies have been getting together to put on activities for children as well as for adults. Some of the organisations have done their homework well and have organised some very good events.

One that comes to mind is the parents conference that was organised by P.R.I.D.E. This was held at the Abbey Arts Centre on April 9th. It was indeed a pleasure to listen to speakers of the caliber of Dr Rajpal Singh, a psychologist, Kiran Malli, Sharon Johal, Paul Lalli as well as Sgt. Amar Kingra. The down side to this was the poor turnout on the part of the general public who missed out on a very informative and thought provoking evening where one would definitely have learned a thing or two about dealing with their kids. There was a number of questions put to the panel by the audience and these too were very intelligent ones. I for one was sorry when I had to leave early to go to another function. Congratulations for a well-organised event go to the P.R.I.D.E. executive. Keep up the good work with more of the same.

Vaisakhi just like spring is in the air and why not? It's the 300 hundred-year celebration of the Khalsa. The Indo Canadian business Association put up a lunch where the top brass of our business community came and partook in the vegetarian lunch. It was a good afternoon, however we do suggest that the choice of an appropriate speaker warranted some scrutiny.

Our two temples both have and are arranging programs on a large scale in their own varied ways. The Kalghidar Darbar are have a 3 day celebration starting April 24th with a Fireworks Display scheduled for April 24th evening at 10.00pm. at the Rotary Stadium. Last week on the 10th all the who is who in politics visited the Abbotsford Khalsa Diwan Temple led by the Attorney General to join in their celebrations.

Everyone has been busy attending these functions and it was good to see the community at all these events. A spokes person from the Kalighidar Darbar temple informed us that their architects are just about ready with the plans for the renovations for their temple on Cyril Street.

WORLD'S ONE APPLIANCES
& ELECTRICAL REPAIRS
Sales & Service
Fridges • Stoves • Washers
Dryers • Furnaces • Hot Water
Tanks • Hot Water Heat
Walk In Coolers
ਸੇਲਸ ਅਤੇ ਸਰਵਿਸ
ਫ੍ਰਿਜ਼ * ਸਟੋਵ * ਵਾਸ਼ਰ
ਡ੍ਰਾਇਰ * ਫਰਨਸ * ਹਾਟ ਵਾਟਰ
ਟੈਂਕ * ਹਾਟ ਵਾਟਰ ਹੀਟ
Quality Repair & Installation By Certified Technician
ਕੁਆਲਿਟੀ ਰਿਪੇਅਰ ਅਤੇ ਇੰਸਟਲੇਸ਼ਨ ਸਰਟੀਫਾਈਡ ਟੈਕਨਿਸ਼ਨ ਦੁਆਰਾ ਕੀਤੀ ਜਾਂਦੀ ਹੈ
Call Paul
TEL: 504-0941 PGR: 607-9331

NOW OPEN!
Passage to India
Fine Indian cuisine
specializing in. . .
Curries -Doosa - Tandoori
LUNCH BUFFET
11 am to 2:30 pm
DINNER MENU
5 pm-10:30 pm
• Fully licensed • Banquet Facilities (no charge)
33790 Essendene Ave.,
(located in the Fraser Valley Inn)
For reservations call: 855-7100
20 ਸਾਲਾਂ ਦੀ ਸੇਵਾ ਕਰਦਾ ਹੋਇਆ, ਇਕ ਵਾਰ ਫਿਰ ਐਬਟਸਫੋਰਡ ਵਿਚ। ਵਿਆਹ, ਐਨਵਰਸਰੀ, ਜਨਮਦਿਨ, ਲੇਡੀਜ਼ ਪਾਰਟੀ ਜਾਂ ਹੋਰ ਕਿਸੇ ਤਰ੍ਹਾਂ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ। ਸਵਾਦੀ ਖਾਣੇ ਅਤੇ ਵਾਜਿਬ ਰੇਟ ਲਈ ਫੋਨ ਕਰੋ
ਗੁਰਦੁਆਰੇ ਦੀ ਕੇਟਰਿੰਗ
ਵਾਸਤੇ ਸਿਰਫ $3.99/ਪਲੇਟ
3 ਸਬਜ਼ੀਆਂ, ਮਠਿਆਈ, ਚਾਹ ਪਕੌੜੇ, ਜੂਸ, ਚਾਵਲ ਤੇ ਰੋਟੀਆਂ
ਫੋਨ ਵਰਿੰਦਰ ਬਾਸੀ
855-7100

HERBIE'S PAINTING
Residential & Commercial
ਰੈਜ਼ੀਡੈਂਸ਼ਲ ਅਤੇ ਕਮਰਸ਼ਿਅਲ - ਪੇਂਟ ਸੰਬੰਧੀ
ਹਰਮਿੰਦਰ (ਹਰਬੀ)
ਨੂੰ ਸੇਵਾ ਦਾ ਮੌਕਾ ਦਿਓ
Harminder (Herbie)
Interior & Exterior Painting - Roller - Brush - Spray
FREE ESTIMATES
Quality Workmanship • Reasonable Rates
ਸਾਰਾ ਕੰਮ ਗਰੰਟੀਸ਼ੁਦਾ
Ph: (604) 852-8398 • Cell: 857-3366

AMBASSADOR Travel Plus.
Celebrating our 25th year
ਐਮਬੈਸਡਰ ਟਰੈਵਲ/ਪਲੱਸ
ਅਗਰ ਤੁਸੀਂ ਕਿਤੇ ਵੀ ਟਰੈਵਲ ਕਰਨਾ ਚਾਹੁੰਦੇ ਹੋ ਭਰੋਸੇਯੋਗ ਤੇ ਤਸੱਲੀਬਖਸ਼ ਸੇਵਾਵਾਂ ਲਈ ਐਮਬੈਸਡਰ ਟਰੈਵਲ ਨੂੰ ਹਮੇਸ਼ਾਂ ਯਾਦ ਰੱਖੋ। ਸੰਪਰਕ ਕਰੋ ਦੁਲਜੀਤ ਕੌਰ
SPECIALS
INDIA SPECIAL from $1310
AMSTERDAM $499 • NADI $999
LONDON $519 • SYDNEY $1099
TORONTO $289
THE ABOVE PRICES ARE ALL FOR RETURN FLIGHTS
Ph: (604) 853-4141 • Fax: (604) 850-1546
Ph. (604) 309-4055
33693 South Fraser Way, P.O. Box 8000-486, Abbotsford, B.C. V2S 6H1

Get the best from BASANT
WE WILL CONSIDER ALL REASONABLE OFFERS!
Get the best price for your trade.
WE ARRANGE "ON THE SPOT" FINANCING "It Just Feels Right"
Now's the time to trade-up at Basant!
OPEN 7 DAYS A WEEK
Monday to Thursday 9am - 8pm
Friday & Saturday 9am - 6pm
Sunday 11am - 5pm
The Name You Can Trust
Make Your Best Deal In Town
With Your Trade Worth $2,000 or More You Can Own
We provide professional estimates.

TRUCK AND MINIVANS...

1997 Windstar GL
6 cyl, air cond., cass., tilt, cruise, tinted/W & roof rack.
Extra clean
$18,488

5 to choose from 1996/97/98 Caravans
7 pass, air, 6 cyl, cassette player, tinted glass, roof rack, front wheel drive, start from. . . $14,888

3 to choose from 1994/94/96 Jeep Cherokees LTD
Fully loaded with leather, from. . . $19,888

1991 Chev Astro
8 pass., air cond., 6 cyl, clean
$6,488

1998 TOYOTA 4 RUNNER SR5
4 dr., auto, air, P/W, 7 dr. locks, running boards, local, like new. Balance of factory warranty
$34,888

1997 GMC JIMMY SLT
4 dr.,4WD, top model, like new
$22,888

1989 MUSTANG
Convertible, auto, tilt, cruise, power locks, windows. Clean, local. 5.0 L.
$7,888

Extended Warranty Available. Free Shuttle Service To Dealership.
All Vehicles Are Air Cared & Safety Inspected.
- ALL PRICES ARE SUBJECT TO THE TRADE-IN VALUE A.C.V. -

...IMPORT & DOMESTIC CARS

1998 Sunfire
4 dr., auto, air cond., cassette, tilt, cruise, air bags, ABS, factory warranty, very clean, like new
$12,888

1998 Suzuki Esteem
4 dr., auto, air, local. Balance of factory warranty
$12,888

1996 Toyota Tercel 3 to choose
4 dr., auto, local cars. Prices starts as low as
$9,888

1996 Firebird
Air, tilt, cruise, CD player, P/L, P/W, P/S, extra clean.
Only 33000 kms
$14,888

1995 Geo Tracker
P/S, P/B, 4 cyl, low kms, clean
$8,988

1997 Mazda MPV
7 pass, 6 cyl, dual air, reclining seats, P/W, P/L, tilt, cruise, AM/FM cass., tinted/W & roof rack. Balance of factory warranty
$18,488

1990 Honda Civic
Fully loaded, 4 dr., power steering & brakes.
$6,488

1994 Suzuki Swift
Auto, 4 dr., cassette, local, clean
$6,488

1995 Lumina 3 to choose
4 dr., Sedan, fully loaded, great cars for the family! Local
$11,888

1995 Pontiac Grand Prix
SE Model, 4 dr., Sedan, fully loaded, local car
$9,888

1994 Accord EXR
4 dr., auto, fully loaded with air & P/Sunroof, WELL KEPT
$16,488

1996 Accord EX
4 dr., auto, fully loaded, very clean, local
$17,888

1991 Mazda MPV
4 wheel drive, 6 cyl, 7 pass, dual air, OFFERS PLEASE
$11,888

• Bad Credit
• Bankruptcy
• Previous Credit Problems

NEED A CAR OR TRUCK?
Killed your credit? NO PROBLEM!
Guaranteed Credit Approval
Auto • Truck Loans O.A.C.

1995 Honda Civic LX special edition
Auto, air, 4 dr., cass. Balance of factory warranty
$13,888

1991 Sunbird Convertible
Auto, P/Top, P/S,P/B, P/W, P/L. Priced to Sell!
$6,888

1996 Grandam SE
4 dr., auto, 6 cyl, fully loaded with air. Condition Like NEW!
$12,488

SALES: 16090 FRASER HWY., SURREY 572-7880
SHOP: 11946 - 95 AVE, DELTA 584-7447 TOLL FREE: 1-877-522-7268

Best Price Policy
Value for your dollar-that's promise. We are in business to give you quality at the right price. Drive away knowing you have bought at the best price possible.

Smart Approval
Fast affordable financing options for everyone. Decisions made in 30 minutes.

30 days exchange privilege
You can exchange your used vehicle for a different one of equal value or greater value. Kilometers and conditions apply.

Open 7 days a week
Basant got time for you. New and used car & truck sales is open 7 days a week.

The One and Only Bi-lingual Directory for the Central Fraser Valley - Call to advertise 852-2288

Mr. Joginder Paul Singh & Mrs. Surjit Kaur, having 40 years of experience in the optical field, are pleased to provide the professional, service your deserve.

CLEAR COOL OPTICAL
Behind Fanny Fabrics
in Ventura Plaza
Tel: 859-2005
CONTACT LENSES
from $30.00 (Pack of six)

COMPLETE EYEWEAR
FRAME AND LENSES
ਪੂਰੀ ਐਨਕ
ਫਰੇਮ ਅਤੇ ਸ਼ੀਸ਼ਿਆਂ ਸਮੇਤ
$59.00 from

SPECIAL
SPRING SALE
LATEST STYLE SUNGLASSES
UP TO
70% OFF

REVELSTOKE
HOME CENTRE

Serving Western Canada for over... 80 Years

- Framing Lumber
- Plywoods
- Nails
- Finishing Lumber
- Engineering Wood
- Mouldings
- Prehung Doors

ਫਰੇਮਾਂ ਲਈ ਲਕੜ•
ਪਲਾਈਵੁੱਡ•
ਮੇਖਾਂ•
ਫਿਨਿਸ਼ਿੰਗ ਲਈ ਲਕੜ•
ਇੰਜਨੀਅਰਿੰਗ ਲਈ ਲਕੜ•
ਮੋਲਡਿੰਗਜ਼•
ਪ੍ਰੀਹੰਗ ਡੋਰਜ਼•

Tims Joist MacMillan



Ken Thind
Contract Sales

Phone: (604) 534-9291
Fax: (604) 534-9551
Cell: (604) 309-6349
Toll Free: 1-888-665-8882
19990 Fraser Highway Langley, B.C. Canada V3A 4E3

Service & Satisfaction is our Business
• • •
Your Supplier of Quality

For Best Rates

Talk to us FIRST:

Your Mortgage Specialists

ਤੁਹਾਡੇ ਮੋਰਗੇਜ ਸਪੈਸ਼ਲਿਸਟ

ਸਭ ਤੋਂ ਵਧੀਆ ਰੇਟ ਵਾਸਤੇ ਸਾਨੂੰ ਆਕੇ ਮਿਲੋ:

870-2200

32817 South Fraser Way @ Gladwin
Abbotsford, B.C.

ECOLE SECONDAIRE W. J. MOUAT SECONDARY SCHOOL
32355 Mouat Drive, Abbotsford, B.C. V2T 4E9
Phone: (604) 853-7191 Fax: (604) 850-7694

IMPORTANT NOTICE FROM W. J. MOUAT SECONDARY SCHOOL

Notice to parents of students who attend W.J.Mouat Secondary School:

Our school will be sending home surveys to ask questions about your satisfaction with the quality of services and programs at W.J.Mouat.

Please fill in these surveys and return them to the school by May 12.

It is important to get all surveys back with your responses. Thank you for your cooperation and your continued support of our school.

For more information, please call Mr. Des McKay, Principal, at 853-7191.

Two law firms to serve you.

ਆਪ ਜੀ ਦੀ ਸੇਵਾ ਵਿਚ ਦੋ ਦਫਤਰ ਹਨ।



Douglas MacAdams

MACADAMS LAW FIRM "WE DO LAWSUITS"

- ICBC CLAIMS ਆਈ.ਸੀ.ਬੀ.ਸੀ ਕਲੇਮ
- DEBT COLLECTIONS ਕਰਜ਼ਾ ਵਸੂਲ ਕਰਨਾ
- BUSINESS DISPUTES ਕਾਰੋਬਾਰੀ ਮਸਲੇ
- EMPLOYMENT DISPUTES ਰੋਜ਼ਗਾਰੀ ਮਸਲੇ

TEL: (604) 850-1675
FAX: (604) 850-1937

WILLS BY RESOLUTION LAW CORPORATION

- WILLS ਵਸੀਅਤਨਾਮਾ
- POWERS OF ATTORNEY ਮੁਖਤਿਆਰਨਾਮਾ
- ADMINISTRATION OF ESTATES ਜਾਇਦਾਦ ਦੀ ਵਿਵਸਥਾ
- DISPUTES REGARDING ESTATES ਜਾਇਦਾਦ ਦੇ ਮਸਲੇ

TEL: (604) 855-WILL (9455)
FAX: (604) 870-9515

205 GLADWIN CENTRE II - 2975 GLADWIN ROAD - ABBOTSFORD, BC V2T 5T4

DOUGLAS MACADAMS adm@macadamslaw.com
JOHN DORICIC jmd@macadamslaw.com
BRUCE C. SCOTT bcs@macadamslaw.com



Lighthouse Realty

5% ਡਾਊਨ ਦੇਣ ਨਾਲ ਤੁਸੀਂ ਘਰ ਖ੍ਰੀਦ ਸਕਦੇ ਹੋ

PARM JUDGE
ਪਰਮ ਜੱਜ
855-7393

ਫਾਰਮ ਵਿਕਾਊ ਹਨ - FARMS FOR SALE

20 ਏਕੜ ਬਲੂਬੇਰੀ ਫਾਰਮ, 6 ਕਮਰਿਆਂ ਵਾਲਾ 6 ਕੁ ਸਾਲ ਨਵਾਂ ਹਾਟ ਵਾਟਰ ਵਾਲਾ ਘਰ, ਐਬਟਸਫੋਰਡ ਤੇ ਮਿਸ਼ਨ ਦੇ ਸੈਂਟ੍ਰ ਵਿਚ, ਬਲੂਬੇਰੀ ਲੱਗੀ ਹੋਈ ਹੈ। Trades Welcome.

ਲਗਭਗ 10 ਏਕੜ ਫਾਰਮ - ਵਧੀਆ ਘਰ, ਦੋ ਕੁ ਏਕੜ ਤੇ ਬਲੂਬੇਰੀ ਅਤੇ ਬਾਕੀ ਸਾਰੇ ਰਸਬੇਰੀ ਟਾਊਨ ਦੇ ਨਜ਼ਦੀਕ, ਵਧੀਆ ਡੀਲ ਲਈ ਫੋਨ ਕਰੋ.

30 ਏਕੜ ਫਾਰਮ, ਘਰ ਅਤੇ ਦੋ ਮੋਬਾਇਲ ਹੋਮ, ਕਿਰਾਇਆ $2,000 ਆ ਰਿਹਾ ਹੈ, $350,000 ਦੀ ਮੋਮੈਂਟ ਕਿਰਾਇਆ ਹੀ ਚੁੱਕ ਰਿਹਾ ਹੈ। ਕੀਮਤ ਸਿਰਫ $469,000. Trades Welcome!

5 ਏਕੜ ਫਾਰਮ ਵਿਕਾਊ ਹਨ

ਮੇਰੇ ਕੋਲ ਤਿੰਨ 5 ਏਕੜ ਦੇ ਫਾਰਮ ਵਿਕਾਊ ਹਨ। ਦੋ ਰਸਬੇਰੀ ਫਾਰਮ ਹਨ ਅਤੇ ਇੱਕ ਬਲੂਬੇਰੀ ਫਾਰਮ ਹੈ, ਆਪ ਜੀ ਦਾ ਫਾਰਮ ਐਬਟਸਫੋਰਡ, ਲੈਂਗਲੀ ਜਾਂ ਸਰ੍ਹੀ ਵਿੱਚ ਟਰੇਡ 'ਚ ਲੈ ਲੈਣਗੇ। Trades Welcome.

LOTS FOR SALE

ਲਾਟ ਵਿਕਾਊ ਹਨ, ਟਾਊਨਲਾਈਨ ਆਈਸ ਅਰੀਨਾ ਦੇ ਲਾਗੇ, ਕੀਮਤ ਲਗਭਗ $99,500. ਫੋਨ ਪਰਮ ਜੱਜ।

46 ਏਕੜ - ਪੁਰਾਣਾ ਡੇਅਰੀ ਫਾਰਮ

ਵਧੀਆ ਸਬਜ਼ੀਆਂ ਆਦਿ ਲਈ ਜ਼ਮੀਨ, ਬਹੁਤ ਵੰਡੇ 2 ਬਾਰਨ, ਦੁੱਧ ਚੋਣ ਵਾਲੀਆਂ ਸਾਰੀਆਂ ਮਸ਼ੀਨਾਂ ਲੱਗੀਆਂ ਹੋਈਆਂ ਹਨ। ਬਾਰਨ ਅਤੇ ਜ਼ਮੀਨ lease ਤੇ ਵੀ ਲੈ ਸਕਦੇ ਹੋ।

9 ਏਕੜ - ਬਲੂਬੇਰੀ ਫਾਰਮ

ਵਧੀਆ ਬਲੂਬੇਰੀ ਦਾ ਫਾਰਮ। ਬਲੂਬੇਰੀ ਉਤਪਾਦਨ ਵਿਚ ਹੈ, ਅਤੇ ਬਲੂਬੇਰੀ ਜਾਲ ਵੀ ਹੈ। ਸਿੰਜਾਈ ਦੇ ਪੂਰੇ ਸਾਧਨ। ਸਪ੍ਰੀਕਲ ਸਿਸਟਮ। ਸਿਰਫ $359,000 ਪਰਮ ਨੂੰ ਫੋਨ ਕਰੋ।

2 ਘਰ ਅਤੇ ਬਲੂਬੇਰੀ ਫਾਰਮ

22 ਏਕੜ ਬਲੂਬੇਰੀ ਫਾਰਮ। ਸਿੰਜਾਈ ਦੇ ਪੂਰੇ ਸਾਧਨ ਹਨ - ਮੈਸੀ ਟ੍ਰੈਕਟਰ, ਕੁਬੋਟਾ ਟ੍ਰੈਕਟਰ, ਰੋਟੋਵੇਟਰ। ਬਹੁਤ ਵਧੀਆ ਡੀਲ। ਕੀਮਤ ਸਿਰਫ $749,000। ਪਰਮ ਜੱਜ ਨੂੰ ਫੋਨ ਕਰੋ।

ਸ਼ਹਿਰ ਦੇ ਨੇੜੇ - 889 ਕਲੀਅਰਬਰੁਕ ਰੋਡ

ਵਧੀਆ ਲੋਕੇਸ਼ਨ 332' ਫੁੱਟ ਮਕਾਨ ਦਾ ਅਗਲਾ ਹਿੱਸਾ। 9 ਬੈਡਰੂਮ ਦਾ ਘਰ, ਟ੍ਰੱਕ ਜਾਂ ਹੋਰ ਇਸ ਤਰ੍ਹਾਂ ਦੇ ਕਾਰੋਬਾਰ ਵਾਲਿਆਂ ਲਈ ਬਹੁਤ ਵਧੀਆ। 2 ਗੈਸ ਫਾਇਰ ਪਲੇਸ, 3 ਸਕਾਏਲਾਈਟ, 2 ਕਿਚਨ ਕਸਟਮ ਬਿਲਟ, 2 ਗੇਟ। ਫੋਨ ਪਰਮ ਜੱਜ 855-7393

ਇੰਡੀਅਨ ਵੀਡਿਓ ਅਤੇ ਮਿਊਜ਼ਿਕ ਸਟੋਰ

- ਇਮੀਗਰੇਸ਼ਨ ਬਿਜ਼ਨੈਸ ਵਾਸਤੇ
- ਵਧੀਆ ਕੁਆਲਿਟੀ - ਵਧੀਆ ਲੋਕੇਸ਼ਨ - ਕਲੀਅਰਬਰੁਕ
- 110-120 ਵੋਲਟ ਦਾ ਸਾਮਾਨ, ਸੈਲੂਲਰ ਅਤੇ ਪੇਜ ਆਫਿਸ ਵਿਚ ਸ਼ਾਮਿਲ ਹੋ ਸਕਦੇ ਹਨ
- ਵਿਆਹ ਦਾ ਸਾਮਾਨ
- ਵਧਾਉਣ ਲਈ ਬਹੁਤ ਜਗਾ

ਪਰਮ ਜੱਜ ਨੂੰ ਫੋਨ ਕਰੋ

ਭਾਰਤੀ ਗਰੋਸਰੀ ਸਟੋਰ - ਜਿਥੇ ਗਰੋਸਰੀ, ਸਬਜ਼ੀਆਂ, ਮੀਟ ਵੇਚਿਆ ਜਾਂਦਾ ਹੈ।
Be your own boss - Call Parm Judge For Detail!



ਇੰਡਸਟ੍ਰੀਅਲ ਸ਼ਾਪ ਅਤੇ ਹੋਮ ਰੈਜ਼ੀਡੈਂਸ਼ਲ/ਇੰਡਸਟ੍ਰੀਅਲ
2000 sq ft ਸ਼ਾਪ 14' ਬੇਅ ਡੋਰਜ - 18' ਛੱਤ - ਵਾਸ਼ਰੂਮ - ਆਫਿਸ - 6 ਬੈਡਰੂਮ ਦਾ ਘਰ, 3 ਸਾਲ ਨਵਾਂ - ਫਰੀਵੇਅ ਦੇ ਕੋਲ - ਪਹਿਲੀ ਵਾਰ ਪਰਮ ਜੱਜ ਕੋਲ ਲਿਸਟ ਹੋਇਆ ਹੈ।

6 ਸਾਲ ਪੁਰਾਣਾ ਘਰ, ਰਜਿਸਟਰਡ ਬੇਸਮੈਂਟ ਸਿਰਫ $224,900। ਅੱਜ ਹੀ ਪਰਮ ਨੂੰ ਫੋਨ ਕਰੋ

ਵਿਊਮਾਊਂਟ ਏਰੀਏ ਵਿਚ ਵਧੀਆ ਘਰ। ਬੇਸਮੈਂਟ ਰੈਂਟ ਦੇ ਚੜ੍ਹੀ ਹੋਈ ਹੈ। ਪਰਮ ਨੂੰ ਅੱਜ ਹੀ ਫੋਨ ਕਰੋ



MEGA HOUSE 8 ROOMS!!

32427 ਲਿਲੈਕ ਕ੍ਰੈਸੰਟ
ਵਧੀਆ ਘਰ - ਕਿਰਾਏ ਤੇ ਚੜ੍ਹਿਆ ਹੋਇਆ

ਆਟੇ ਮਾਲ ਦੇ ਲਾਗੇ
4 ਬੈਡਰੂਮ ਉਪੱਰ, 2 ਬੈਡਰੂਮ ਦੀ ਬੇਸਮੈਂਟ- ਬੇਸਮੈਂਟ ਰੈਂਟ ਤੇ $900 ਤੇ ਚੜੀ ਹੋਈ। ਫੋਨ ਪਰਮ ਜੱਜ

3137 ਗੋਲਡਫਿਚ ਸਟ੍ਰੀਟ
ਫੈਮਲੀ ਵਾਸਤੇ ਵਧੀਆ ਘਰ - ਨਵਾਂ ਨਕੋਰ ਬੇਸਮੈਂਟ ਬਣਾਉਣ ਵਾਲੀ

2 ਮੰਜ਼ਿਲੀ (ਬੇਸਮੈਂਟ ਸਮੇਤ)
ਸਪੈਰੇ ਭੁਗਾਏਵ ਤੇ ਘਰ ਦੇਖਣ ਲਈ ਪਰਮ ਨੂੰ ਅੱਜ ਹੀ ਫੋਨ ਕਰੋ।

ਰਿਕ ਹੈਨਸਨ ਆਈਸ ਅਰੀਨਾ ਦੇ ਲਾਗੇ - ਫੋਨ ਪਰਮ ਜੱਜ



ਕਲੀਅਰ ਬਰੁਕ ਅਰੀਨਾ ਦੇ ਨੇੜੇ - ਹਾਟ ਵਾਟਰ ਹੀਟ। 1850 ਸੁਕੋਅਰਫੁੱਟ ਮੇਨ, ਚਾਰ ਕਮਰੇ ਉਪੱਰ, ਦੋ ਸੁਈਟਾਂ ਥੱਲੇ ਜਿਥੋਂ $900 ਕਿਰਾਇਆ। ਪਾਰਕ ਵਰਗੀ ਸੈਟਿੰਗ। ਪਰਮ ਜੱਜ ਨੂੰ ਫੋਨ ਕਰੋ।

ਨਵੀਂ ਲਿਸਟ

ਵੈਸਟ ਓਕ ਦੇ ਲਾਗੇ ਐਮਰਸਨ ਸਟ੍ਰੀਟ ਤੇ
$179,000
ਓਕਾਨਾਗਨ ਸਟ੍ਰੀਟ ਤੇ 5 ਬੈਡਰੂਮ
$174,900

TRUCKER'S SPECIAL
Easy access to Abbotsord-Mission Free way. Asking only $294,000 - TRADES WELCOME. Call PARM JUDGE

30641 ਸੈਂਡਪਾਇਪਰ ਫੈਮਲੀ ਰੂਮ ਉੱਪਰ -ਹੇਠਾਂ ਦੋ ਬੈਡਰੂਮ 2 ਸਾਲ ਪੁਰਾਣਾ ਘਰ

ਹੋਟਲ - ਪੱਬ - ਰੈਸਟੋਰੈਂਟ

ਸੇਲ ਲਈ

6 ਏਕੜ ਤੋਂ ਵੱਧ - 26 ਕਮਰਿਆਂ ਦਾ ਮੋਟਲ
ਕੀਮਤ ਸਿਰਫ $1.89 ਮਿਲੀਅਨ
ਟਰੇਡ ਵੈਲਕਮ

Blow Out Sale

House on Emerald Avenue

3 Bedrooms upstairs, 2 bedroom legal suite. Vendor moved. Must sell situation.

Blowing out at *$167,500*

ਏਕੜ ਭਾਵੇਂ ਲੈਂਗਲੀ ਹੋਣ, ਜਾਂ ਮਿਸ਼ਨ, ਯੈਰੋ ਜਾਂ ਚਿਲਾਵੈਕ. . . . ਗੱਲ ਕੀ ਪਰਮ ਜੱਜ ਕੋਲ ਸਾਰੇ ਬੀ.ਸੀ ਦੀਆਂ ਪ੍ਰਾਪਰਟੀਆਂ ਦੀ ਸੂਚਨਾ ਹੈ. . . ਨਾਲੇ ਤੁਸੀਂ ਖੁਸ਼ ਅਤੇ ਨਾਲੇ ਪਰਮ ਖੁਸ਼. . . . ਫੋਨ ਕਰੋ

Call Parm Judge • LIGHTHOUSE REALTY • Toll Free 649-4871

(ਪੰਜਾਬੀ ਸਾਹਿਤ ਦੇ ਉਹਨਾਂ ਪ੍ਰਸਿੱਧ ਲੇਖਕਾਂ ਅਤੇ ਵਿਦਵਾਨ ਅਲੋਚਕਾਂ ਨਾਲ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ/ਸਭਿਆਚਾਰ ਲਈ ਵਰਨਣਯੋਗ ਕੰਮ ਕੀਤਾ ਹੈ ਜਾਂ ਕਰ ਰਹੇ ਹਨ, ਰਾਮ ਸਰੂਪ ਅਣਖੀ ਜੀ ਦੀਆਂ ਨਵੇਂ ਅੰਦਾਜ਼ ਵਿਚ ਕੀਤੀਆਂ ਅਨੋਖੀਆਂ ਅਤੇ ਅਤੀ ਰੌਚਕ ਮੁਲਾਕਤਾਂ ਹਨ। ਅਣਖੀ ਜੀ ਅਨੁਸਾਰ ਇਹਨਾਂ ਮੁਲਾਕਾਤਾਂ ਦਾ ਮਨੋਰਥ ਕੇਵਲ ਇਹ ਜਾਨਣਾ ਹੈ ਕਿ ਪ੍ਰਸਿੱਧ ਲੇਖਕ ਬਨਣ ਵਿਚ ਉਹਨਾਂ ਦੀਆਂ ਜੀਵਨ ਸਾਥਣਾਂ ਦਾ ਕੀ ਰੋਲ ਰਿਹਾ ਹੈ ਅਤੇ ਇਹ ਵੀ ਕਿ ਉਹਨਾਂ ਪਤਨੀਆਂ ਨੂੰ ਜਾਂ ਉਹਨਾਂ ਦੇ ਬੱਚਿਆਂ ਨੂੰ ਇਸ ਸਬੰਧੀ ਕੀ ਕੀ ਭੋਗਣਾ ਪਿਆ ਹੈ।

ਜਿੱਥੇ ਇਹ ਲੇਖਕ ਨਵੇਂ ਪੁੰਗਰ ਰਹੇ ਸਾਹਿਤ ਸਿਰਜਕਾਂ ਲਈ ਸਾਹਸ ਭਰੀ ਪ੍ਰੇਰਨਾ ਦਾ ਸਰੋਤ ਬਣੇ ਹਨ। ਉਥੇ ਅਣਖੀ ਜੀ ਕਹਿੰਦੇ ਹਨ ਲੇਖਕ ਦੇ ਜੀਵਨ ਸਬੰਧੀ ਸੰਖੇਪ ਜਾਣਕਾਰੀ ਦੇ ਨਾਲ ਕਈ ਬਹੁਤ ਦਿਲਚਸਪ ਗਲਾਂ ਸਾਹਮਣੇ ਆਈਆਂ ਜਿਨ੍ਹਾਂ ਨੂੰ ਉਹ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਚਾਹੁੰਦੇ ਹਨ)

-ਐਡੀਟਰ

ਗੁਰਭਜਨ ਕੌਰ ਬਨਾਮ ਤੱਖਤ ਸਿੰਘ

ਰਾਮ ਸਰੂਪ ' ਅਣਖੀ ' ਬਰਨਾਲਾ ।

ਸਾਡੇ ਸਮਿਆਂ ਵਿਚ ਪੰਜਾਬੀ ਗਜ਼ਲ ਨੂੰ ਪੰਜਾਬੀਅਤ ਦੇਣ ਵਾਲਾ ਤਖਤ ਸਿੰਘ ਸ਼ਾਇਦ ਪਹਿਲਾ ਸ਼ਾਇਰ ਹੈ। ਪੰਜਾਬੀ ਭਾਸ਼ਾ ਦਾ ਸ਼ਬਦ ਭੰਡਾਰ, ਖਾਸ ਕਰਕੇ ਨਰੋਲ ਪੇਂਡੂ ਸ਼ਬਦ, ਜੇ ਕਿਸੇ ਭਾਸ਼ਾ ਵਿਗਿਆਨੀ ਨੇ ਸੰਪੂਰਨ ਰੂਪ ਵਿਚ ਜੇ ਕਿਤੇ ਇੱਕਠਾ ਕੀਤਾ ਤਾਂ ਉਹ ਨੂੰ ਤੱਖਤ ਸਿੰਘ ਦੀਆਂ ਗਜ਼ਲਾਂ ਅੱਵਸ਼ ਪੜ੍ਹਨੀਆਂ ਪੈਣਗੀਆਂ। ਉਹ ਸਟੇਜ ਉਤੇ ਗਜ਼ਲ ਪੜ੍ਹ ਰਿਹਾ ਹੋਵੇ ਤਾਂ ਸੁਨਣ ਵਾਲਿਆਂ ਨੂੰ ਨਦੀ ਦੇ ਪਾਣੀ ਵਾਂਗ ਆਪਣੇ ਨਾਲ ਵਹਾ ਕੇ ਲੈ ਜਾਂਦਾ ਹੈ। ਉਹਦੇ ਸ਼ਿਅਰ ਇੱਕ ਹੁਲਾਰਾ ਹੁੰਦਾ ਹੈ, ਇੱਕ ਲਜ਼ਤ ਤੇ ਸੁਨਣ ਵਾਲੇ ਨੂੰ ਉਚੀਆਂ ਵਾਦੀਆਂ ਵਿਚ ਉਡਾ ਕੇ ਲੈ ਜਾਣ ਦੀ ਤਾਕਤ। ਹੁਣ ਤੱਕ ਉਹ ਪੰਜਾਬੀ ਸਾਹਿਤ ਨੂੰ ਚਾਰ ਗਜ਼ਲ-ਸੰਗ੍ਰਹਿ ਦੇ ਚੁਕਿਆ ਹੈ - ' ਲਿਸ਼ਕੋਰਾਂ' 'ਮੇਰੀ ਗਜ਼ਲ ਯਾਤਰਾ ' 'ਗਜ਼ਲ-ਕਾਵਿ' ਤੇ 'ਲਹੂ ਦੀ ਵਰਖਾ'। ਇੱਖ ਹੋਰ ਗਜ਼ਲ-ਸੰਗ੍ਰਹਿ ਛਪਾਈ ਅਧੀਨ ਹੈ। ਇਸ ਤੋਂ ਪਹਿਲਾਂ ਉਹਨੇ 'ਵੰਗਾਰ' 'ਕਾਵਿ-ਹਿਲੂਣੇ' 'ਹੰਭਲੇ' ਤੇ 'ਅਣਖ ਦੇ ਫੁੱਲ' ਚਾਰ ਕਾਵਿ-ਸੰਗ੍ਰਹਿ ਛਪਵਾਏ ਸਨ। ਉਹਦਾ ਇੱਕ ਹੋਰ ਕਾਵਿ-ਸੰਗ੍ਰਹਿ ਵੀ ਛੱਪਣ ਲਈ ਤਿਆਰ ਹੈ।

ਲਾਇਲਪੁਰ (ਪਕਿਸਤਾਨ) ਵਿਚ 1914 ਨੂੰ ਜਨਮੇ ਤਖਤ ਸਿੰਘ ਨੇ ਲਾਇਲਪੁਰ ਤੋਂ ਹੀ ਬੀ.ਏ. ਪਾਸ ਕੀਤੀ ਤੇ ਲਾਹੌਰ ਤੋਂ ਬੀ.ਟੀ। 1938 ਵਿਚ ਉਹ ਉਰਦੂ ਦਾ ਸ਼ਾਇਰ ਬਣ ਗਿਆ ਤੇ 1947 ਤੱਕ ਮਕਬੂਲ ਸ਼ਾਇਰ। ਉਰਦੂ ਵਿਚ ਉਹਦੇ ਦੋ ਮਜ਼ਮੂਏ ਛਪੇ -' ਖਲਿਸ਼ੇ-ਇਹਸਾਸ ' ਤੇ ' ਵਜਦੇ-ਹੈਰਤ '। ਹੁਣ 1987 ਵਿਚ ਤੀਜਾ ਮਜ਼ਮੂਆ ' ਤਖਤੇ ਰਵਾ ' ਛਪ ਕੇ ਮਾਰਕਿਟ ਵਿਚ ਆ ਗਿਆ ਹੈ।

ਪੰਜਾਬੀ ਵਿਚ ਤਖਤ ਸਿੰਘ ਦੀ ਪਹਿਚਾਣ ਉਹਦੇ ਛੋਟੇ ਭਰਾ ਕਰਨੈਲ ਸਿੰਘ ਨੇ ਵੀ ਬਣਾਈ। ਉਹ 1955 ਵਿਚ ਗੋਆ ਲਈ ਸ਼ਹੀਦ ਹੋ ਗਿਆ ਸੀ। ਤਖਤ ਸਿੰਘ ਨੇ ਵਾਰਤਕ ਵਿਚ ਸ਼ਹੀਦ ਕਰਨੈਲ ਸਿੰਘ ਦੀ ਜੀਵਨੀ ਵੀ ਲਿਖੀ ਹੈ।

ਪ੍ਰਿੰਸੀਪਲ ਤਖਤ ਸਿੰਘ ਨੂੰ ਹੁਣ ਤੱਕ ਅਠਾਰਾਂ ਵਾਰ ਸਨਮਾਨਤ ਕੀਤਾ ਗਿਆ ਹੈ। ਜਗਰਾਓਂ (ਲੁਧਿਆਣਾ), ਜਿੱਥੇ ਤਖਤ ਸਿੰਘ ਅੱਜ ਕਲ੍ਹ ਨਿਵਾਸ ਕਰਦਾ ਹੈ, ਵਿਖੇ ਉਹਦਾ 73ਵਾਂ ਜਨਮ ਦਿਨ ਮਨਾਇਆ ਗਿਆ। ਫੰਕਸ਼ਨ ਉਤੇ ਦਸ ਹਜ਼ਾਰ ਰੁਪਿਆ ਖਰਚ ਹੋਇਆ ਜਦੋਂ ਕਿ ਉਹਨੂੰ ਇੱਕ੍ਹਤਰ ਸੌ ਰੁਪਏ ਦੀ ਥੈਲੀ ਭੇਟ ਕੀਤੀ ਗਈ। ਇਸ ਫੰਕਸ਼ਨ ਦਾ ਸਾਰਾ ਪ੍ਰਬੰਧ ਓਥੋਂ ਦੀਆਂ ਅੱਠ ਸਭਾ ਸੁਸਾਇਟੀਆਂ ਨੇ ਕੀਤਾ ਸੀ।

ਬੜੀ ਅਲਬੇਲੀ ਤਬੀਅੱਤ ਦਾ ਮਾਲਕ ਹੈ ਸਾਡਾ ਇਹ ਤੱਖਤ ਸਿੰਘ। ਜਿੱਥੇ ਵੀ ਹੋਵੇ, ਲਹਿਰਾਂ ਬਹਿਰਾਂ ਲਾ ਕੇ ਬੈਠ ਜਾਂਦਾ ਹੈ। ਕਈ ਸਾਲ ਹੋਏ, ਅਸੀਂ ਕਈ ਪੰਜਾਬੀ ਲੇਖਕ ਬੰਬਈ ਗਏ ਸਾਂ- ਓਥੇ ਤਿੰਨ ਚਾਰ ਦਿਨ ਤਖਤ ਸਿੰਘ ਨਾਲ ਇੱਕਠੇ ਰਹਿਣ ਦਾ ਮੌਕਾ ਮਿਲਿਆ। ਸ਼ਰਾਬ ਓਹਦਾ ਸਾਥ ਭਾਲਦੀ ਹੈ। ਮੈਨੂੰ ਉਹਦਾ ਇੱਕ ਸ਼ੇਅਰ ਬਹੁਤ ਪਸੰਦ ਹੈ: ਨੈਣਾਂ'ਚ ਨੂਰ ਦਾ ਡਲ੍ਹਾ ਹਸਦੀ ਨੇ ਭੰਨ ਲਿਆ। ਮੇਰੀ ਨਜ਼ਰ ਨੂੰ ਪੈ ਗਈ ਚੁਗਣੀ ਡਲੀ ਡਲੀ।

ਆਪਣੇ 73 ਵੇਂ ਜਨਮ-ਦਿਨ ਤੇ ਵੀ ਉਹਨੇ ਗਜ਼ਲ ਲਿਖੀ। ਇਸ ਵਿਚ ਉਹਦੀ ਕਲਾ ਤੇ ਜੀਵਨ ਦਾ ਲੇਖਾ-ਜੋਖਾ ਪ੍ਰੁਸਤੁੱਤ ਹੋਇਆ ਹੈ। ਗਜ਼ਲ ਹੀ ਸੁਣੋ::ਸੁਨਹਿਰੀ ਖਾਬ ਪਰ੍ਹੇ ਤੋਂ ਪਰ੍ਹੇ ਮੈਂ ਵੇਖ ਲਏ।ਹਜ਼ਾਰ ਸ਼ੁਕਰ ਬਹੱਤਰ ਵਰ੍ਹੇ ਮੈਂ ਵੇਖ ਲਏ।

ਬਥੇਰੇ ਪਿਆਰ ਮਿਲੇ, ਯਾਰ ਮਿਲੇ ਸਭ ਦੇ ਸਭ, ਪਰਖ ਕੇ, ਠੋਰ ਕੇ, ਖੋਟੇ ਖਰੇ ਮੈਂ ਵੇਖ ਲਏ।
ਤਲੀ ਤੇ ਕਾਲੀਆਂ ਰਾਤਾਂ'ਚ ਚਾਲਬਾਜ਼ਾਂ ਨੇ, ਜੋ ਝੂਠ ਮੂਠ ਦੇ ਜੁਗਨੂੰ ਧਰੇ ਮੈਂ ਵੇਖ ਲਏ।
ਮੇਰੇ ਲਹੂ 'ਚ ਤਾਂ ਅੰਤਾਂ ਦਾ ਸੇਕ ਸੀ ਫਿਰ ਵੀ, ਰਹੇ ਜੋ ਜ਼ਖਮ ਹਰੇ ਦੇ ਹਰੇ ਮੈਂ ਵੇਖ ਲਏ।
ਜੋ ਮੈਨੂੰ ਡੋਬ ਕੇ ਆਪੀਂ ਤਰੇ, ਮੈਂ ਵੇਖ ਲਏ, ਜੋ ਆਸਰੇ ਨਾ ਰਹੇ ਆਸਰੇ, ਮੈਂ ਵੇਖ ਲਏ।
ਗਜ਼ਲ ਦੀ ਸਿਖਰਲੀ ਟੀਸੀ ਤੇ ਪੈਰ ਧਰਨ ਲਈ, ਕਲਾ ਨੇ ਜੋ ਜੋ ਤਸੀਹੇ ਜਰੇ ਮੈਂ ਵੇਖ ਲਏ।

ਪੇਸ਼ ਹੈ ਸ੍ਰੀਮਤੀ ਗੁਰਭਜਨ ਕੌਰ ਨਾਲ ਹੋਈ ਇੱਕ ਸਿੱਧ-ਪਧਰੀ ਪਰ ਦਿਲਚਸਪ ਗਲੱਬਾਤ:

(?) ਭਾਬੀ ਜੀ, ਤੁਹਾਡੇ ਦੋਹਾਂ ਦਾ ਸੰਜੋਗ ਕਦੋਂ ਤੋਂ ਕਵੇਂ ਭਿੜਿਆ? ਉਤਰ: ਮੈਂ ਤੁਹਾਡਾ ਮਤਲਬ ਨਹੀਂ ਸਮਝੀ।
(?) ਭਾਬੀ ਜੀ, ਤੁਸੀਂ ਪਤੀ ਪਤਨੀ ਕਦੋਂ ਤੋਂ ਕਵੇਂ ਬਣੇ? (ਉਤਰ): ਹੱਛਾ, ਹੱਛਾ! ਦੋਹਾਂ ਦੇ ਖੇਡਣ ਮਲ੍ਹਣ ਦੇ ਦਿਨ ਸਨ। ਸਾਡੇ ਮਾਪਿਆਂ ਨੇ ਮੱਲੋ ਮੱਲੀ ਸਾਨੂੰ ਵਿਆਹ ਦੇ ਬੰਧਨ ਵਿਚ ਨੂੜ ਦਿੱਤਾ। ਤੁਸੀਂ ਹਸੋਂਗੇ ਤਾਂ ਸਹੀ ਪਰ ਇੱਕ ਗਲ ਮੈਂ ਦੱਸ ਹੀ ਦੇਨੀ ਹਾਂ। ਸਰਦਾਰ ਜੀ ਸਹੁਰੇ ਘਰ ਆਏ ਹੋਏ ਸਨ। ਇੱਕ ਗੁਆਂਢਣ ਨੇ ਮਾਂ ਤੋਂ ਪੁੱਛਿਆ ਕਿ ਪਰਹੁਣਾ ਕਿਤੇ ਦੀਂਹਦਾ ਤਾਂ ਹੈ ਨਹੀਂ। ਸੁਣਿਆ, ਆਇਆ ਹੋਇਆ। ਅਹੋ ਅੜੀਏ ਪਰ ਈਧਰ ਔਧਰ ਕਿਤੇ ਕਤੂਰਿਆਂ ਨਾਲ ਖੇਡਦਾ ਹੋਊ। ਸਾਡਾ ਸਾਰਿਆਂ ਦਾ ਹਾਸਾ ਨਿਕਲ ਗਿਆ। ਇਹ ਤਾਂ ਉਦੋਂ ਪੰਜਵੀਂ ਜਮਾਤ ਵਿਚ ਪੜ੍ਹਦੇ ਹੁੰਦੇ ਸੀ। (?) ਤਖਤ ਸਿੰਘ ਦੀ ਸ਼ਾਇਰੀ ਨੇ ਤੁਹਾਡੇ ਘਰ ਨੂੰ ਕੀ ਦਿੱਤਾ? (ਉ) ਦਿੱਤਾ ਸੁਆਹ ਤੇ ਖੇਹ। ਅਠਵੀਂ ਪਾਸ ਕਰਨ ਤੋਂ ਪਹਿਲਾਂ ਹੀ ਸ਼ਾਇਰੀ ਕਰਨ ਲਗ ਪਿਆ। ਜਦ ਤੋੜੀ ਨੌਕਰੀ ਤੇ ਨਹੀਂ ਲੱਗਾ, ਘਰਦਿਆਂ ਨੂੰ ਦਿੱਤੀ ਭੁੱਖ ਨੰਗ, ਆਪਣੇ ਆਪ ਨੂੰ ਬੇਰੁਜ਼ਗਾਰੀ ਦੀ ਕੁੜੱਕੀ ਵਿਚ ਫਸਾਈ ਰੱਖਿਆ ਤੇ ਸਾਨੂੰ ਮਾਂ-ਪੁਤਾਂ ਨੂੰ ਦੇਈ ਰੱਖਿਆ ਬਣਵਾਸ ਤੇ ਉਹ ਵੀ ਪੂਰੇ ਪੰਦਰਾਂ ਵਰ੍ਹੇ।

(?) ਤੁਹਾਨੂੰ ਬਣਵਾਸ ਕਿਵੇਂ? (ਉ) ਸਹੁਰੇ ਕੋਲ ਭਾਂਵੇਂ ਪੂਰੀ ਇੱਕ ਮੁਰੱਬਾ ਭੋਂ ਸੀ ਪਰ ਘਰ ਵਿਚ ਚੱਤੋ ਪਹਿਰ ਭੰਗ ਭੁਜਦੀ । ਜਿਹੜੇ ਸਹੁਰੇ ਨੇ ਸਰਦਾਰ ਜੀ ਨੂੰ ਅਠਵੀਂ ਕਰਨ ਤੋਂ ਪਿਛੋਂ ਇੱਕ ਧੇਲਾ ਨਹੀਂ ਸੀ ਦਿੱਤਾ ਉਹ ਮੈਨੂੰ ਤੇ ਮੇਰੇ ਦੋਹਾਂ ਪੁੱਤਾਂ ਨੂੰ ਕਿਥੋਂ ਖਿਲਾਉਂਦਾ। ਮੈਂ ਤਾਂ ਆਪ ਹੀ ਦੋਵੇਂ ਪੁੱਤਾਂ ਨੂੰ ਲੈ ਕੇ ਪੇਕੀਂ ਜਾ ਬੈਠੀ। ਜੀਹਨੂੰ ਦੋਵੇਂ ਪੁੱਤਰ ਪਲੇ ਪਲਾਏ ਮਿਲ ਜਾਣ, ਉਹਨੂੰ ਰੱਬ ਤੋਂ ਹੋਰ ਕੀ ਚਾਹੀਦਾ ਹੈ।

(?) ਤਾਂ ਕੀ ਇਹਨਾਂ ਦੀ ਸ਼ਾਇਰੀ ਨੇ ਤੁਹਨੂੰ ਦੁੱਖ ਹੀ ਦੁੱਖ ਦਿੱਤੇ, ਸੁੱਖ ਕੋਈ ਨਹੀਂ ਦਿੱਤਾ? (ਉ) ਨਹੀਂ ਵੀਰ ਜੀ, ਮੈਂ ਹੁਣ ਦੀ ਗਲ਼ ਨਹੀਂ ਕਰਦੀ। ਹੁਣ ਤਾਂ ਇਹ ਮਾਇਆ ਵਿਚ ਖੇਡਦੇ ਨੇ। ਫਿੱਕਰ ਨਾ ਫਾਕਾ ਬੁਲ੍ਹੇ ਵਢਦੇ ਹਨ। ਮਾਇਆ ਤਾਂ ਇਹਨਾਂ ਦੇ ਪਿੱਛੇ ਪਿੱਛੇ ਫਿਰਦੀ ਆ । ਰੇਡੀਓ ਤੇ ਜਾਣ, ਭਾਵੇਂ ਟੀ.ਵੀ. ਤੇ ਭਾਵੇਂ ਕਿਸੇ ਮੁਸ਼ਾਇਰੇ ਤੇ, ਭਾਵੇਂ ਕਿਤੇ ਹੋਰ, ਜੇਬ ਪੈਸਿਆਂ ਨਾਲ ਭਰ ਕੇ ਘਰ ਮੁੜਦੇ ਹਨ। ਹਰ ਦੂਜੇ ਤੀਜੇ ਦਿਨ ਕੋਈ ਨਾ ਕੋਈ ਮਨੀਆਰਡਰ ਆਇਆ ਲਉ। ਪਰ ਮੈਨੂੰ ਕੀ ਭਾ। ਮਜਾਲ ਹੈ ਜੋ ਕਦੇ ਕਵ੍ਹੇ ਕਿ ਲੈ ਤੂੰ ਭਾਗਵਾਨੇ ਦਸ ਰੁਪੈ ਲੈ ਲਾ।

(?) ਭਾਬੀ ਜੀ, ਇੱਕ ਸ਼ਾਇਰ ਪਤੀ ਬਾਰੇ, ਉਹ ਵੀ ਤਖਤ ਸਿੰਘ, ਤੁਹਾਡਾ ਕੀ ਤਜਰਬਾ ਹੈ? ਇਹ ਪਤੀ ਕਿੰਨੇਕੁ ਨੇ? (ਉ) ਪਤੀ ਪੁਤੀ ਕਾਹਦੇ ਹੁੰਦੇ ਆ, ਬਸ ਸ਼ਾਇਰ ਹੀ ਹੁੰਦੇ ਆ। ਜੇ ਮੁੰਡੇ ਪਾਲੇ ਥਾਂ ਮੈਂ 'ਕੱਲੀ ਨੇ। ਲਵੇਰਾ ਸਾਂਭਣ ਨੂੰ ਇੱਕਲੀ ਮੈਂ, ਦੁੱਧ ਪੀਣ ਵੇਲੇ ਸਭ ਤੋਂ ਅੱਗੇ ਇਹ। ਇਹ ਤਾਂ ਰੋਟੀ ਖਾਣ ਦੇ ਭਾਈਵਾਲ ਨੇ। ਮੈਨੂੰ ਤਾਂ ਚੜ੍ਹੇ ਮਹੀਨੇ ਬੱਝਵੀਂ ਰਕਮ ਦੇ ਕੇ ਆਖਣ ਗੇ ਹੁਣ ਤੂੰ ਜਾਣ ਤੇ ਤੇਰਾ ਕੰਮ। ਅਗਲੇ ਮਹੀਨੇ ਦੀ ਪਹਿਲੀ ਤਰੀਕ ਤੱਕ ਹੁਣ ਮੇਰੇ ਕੋਲੋਂ ਕੋਈ ਪੈਸਾ ਨਾ ਮੰਗੀਂ। ਨਾ ਮੈਂ ਦੇਣੈ। ਇਉਂ ਸਮਝੋ ਬਈ ਮਹੀਨੇ ਵਿਚ ਇੱਕ ਦਿਨ ਦੇ ਲਈ ਤਾਂ ਪਤੀ ਹੁੰਦੇ ਨੇ, ਹੋਰ ਕੁੱਝ ਨ੍ਹੀਂ। ਬਾਕੀ ਰਹੀ ਗਲ ਇਹਨਾਂ ਬਾਰੇ ਤਜਰੱਬੇ ਦੀ। ਚੰਗੇ ਵੀ ਨੇ, ਮਾੜੇ ਵੀ। ਭਲਾ ਇਹ ਵੀ ਕੋਈ ਗਲ ਐ। ਜੇ ਮੈਂ ਕਹਿੰਦੀ ਆਂ ਕਿ ਅਮਕੇ ਪਿੰਡ ਚੱਲੇ ਓ ਤਾਂ ਮੈਨੂੰ ਵੀ ਨਾਲ ਲੈ ਚੱਲੋ। ਅਖਣਗੇ, ਤੈਨੂੰ ਕਿਥੇ ਨਾਲ ਨਾਲ ਖਿੱਚੀ ਫਿਰਾਂ ਤੇਰੇ ਕਪੜੇ ਨ੍ਹੀ ਚੰਗੇ। ਤੈਨੂੰ ਤਾਂ ਸਕੂਟਰ ਤੇ ਚੜ੍ਹਨਾ ਹੀ ਨਹੀਂ ਆਉਂਦਾ। ਜੇ ਕਦੇ ਬਹਾ ਵੀ ਲੈਣ ਤੇ ਸਕੂਟਰ ਕਿਸੇ ਮਾੜੇ ਮੋਟੇ ਨੁਕਸ ਕਾਰਨ ਰਾਹ ਵਿਚ ਖਲੋ ਜਾਵੇ ਤਾਂ ਵੱਢੂੰ-ਖਾਊਂ ਵੱਢੂ-ਖਾਊਂ ਕਰਨ ਲਗ ਪੈਂਦੇ ਹਨ। ਆਖਣਗੇ, ਤੂੰ ਨਹਿਸ ਨਾਲ ਟੁਰੀ ਤਾਂ ਸਕੂਟਰ ਵਿਗੜਿਆ। ਕੋਈ ਪੁੱਛੇ, ਜੇ ਮੈਂ ਨਾਲ ਨਾ ਹੁੰਦੀ ਤੇ ਸਕੂਟਰ ਫੇਰ ਵੀ ਵਿਗੜ ਜਾਂਦਾ ਤਾਂ ਫੇਰ ਗੁੱਸਾ ਕੀਹਦੇ ਤੇ ਕਢੱਦੇ।ਇਹ ਤਾਂ ਇਉਂ ਖਿਝਣ ਲਗ ਪੈਂਦੇ ਆ ਜਿਵੇਂ ਮੇਰੇ ਬੈਠਣ ਨਾਲ ਦੂਣਾ ਪਟਰੋਲ ਮੁਕਦਾ ਹੋਵੇ। ਉਂਜ ਦਿਲ ਦੇ ਚੰਗੇ ਨੇ ਜਿਹੜੇ ਮੇਰੇ ਨਾਲ ਨਿਭਾਈ ਤੁਰੇ ਆ ਰਹੇ ਨੇ। ਸੱਤਰ ਪੂੰਨਾਂ ਤਾਂ ਕੋਈ ਸ਼ਾਰਿਰ ਵੀ ਨਹੀਂ ਹੁੰਦਾ।

(?) ਇਹਨਾਂ ਨੂੰ ਜਦੋਂ ਕੋਈ ਇਨਾਮ ਸਨਮਾਨ ਮਿਲਦੈ ਤਾਂ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ ? (ਉ) ਪਤੀ ਨੂੰ ਇਨਾਮ ਮਿਲੇ, ਪਤਨੀ ਨੂੰ ਖੁਸ਼ੀ ਕਿਵੇਂ ਨਾ ਹੋਵੇ । ਪਰ ਇਹਨਾਂ ਨੂੰ ਕਹੋ ਕਿ ਮੈਨੂੰ ਵੀ ਇਨਾਮ ਦਾ ਕੁੱਝ ਹਿੱਸਾ ਦਿਆ ਕਰਨ। ਇੱਕ ਦਿਨ ਸਨਮਾਂਨਾ ਵਜੋਂ ਮਿਲੇ ਦੁਸ਼ਾਲੇ ਗਿਣੇ ਪੂਰੇ ਅਠਾਰਾਂ ਨਿਕਲੇ। ਇਹਦਾ ਇਹ ਮਤਲਬ ਹੈ ਕਿ ਅਠਾਰਾਂ ਸਨਮਾਨ ਤਾਂ ਮਿਲ ਹੀ ਚੁੱਕੇ ਨੇ। ਢਾਈ ਕੁ ਸਾਲਾਂ ਦੀ ਗਲ ਹੈ, ਇਹਨਾਂ ਦੇ ਇੱਕ ਸਨਮਾਨ ਬਹਾਨੇ ਮੈਨੂੰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਬੜੇ ਨੇੜਿਉਂ ਵੇਖਣ ਦਾ ਮੌਕਾ ਵੀ ਮਿਲ ਗਿਆ। ਗਿਆਨੀ ਜੀ ਜਦੋਂ ਮੁੱਖ ਮੰਤਰੀ ਹੁੰਦੇ ਸਨ, ਉਹ ਜਦੋਂ ਵੀ ਜਗਰਾਓ ਆਉਂਦੇ, ਇਹਨਾਂ ਨੂੰ ਨਾਲ ਨਾਲ ਰਖਦੇ। ਪਿਛਲੇ ਵਰ੍ਹੇ ਅਕਤੂਬਰ ਦੇ ਮਹੀਨੇ ਸ਼ਹਿਰ ਵਾਲਿਆਂ ਇਹਨਾਂ ਦਾ 73ਵਾਂ ਜਨਮ ਦਿਨ ਮਨਾਉਣ ਲਈ ਸੋਲਾਂ ਕੁ ਹਜ਼ਾਰ ਰੁਪੈ ਤਾਂ ਜ਼ਰੂਰ ਖਰਚ ਕਰ ਦਿੱਤੇ ਹੋਣਗੇ ਤੇ 7100 ਰੁਪੈ ਦੀ ਥੈਲੀ ਸਰਦਾਰ ਜੀ ਨੂੰ ਵੀ ਦਿੱਤੀ ਪਰ ਸਾਡਾ ਸੱਚ ਪੁੱਛੇਂ ਤਾਂ ਵਿਆਹ ਉਸ ਦਿਨ ਹੀ ਹੋਇਆ। (?) ਭਾਬੀ ਜੀ, ਉਹ ਕਿਵੇਂ? (ਉ) ਜਦੋਂ ਸ਼ਹਿਰ ਵਾਲਿਆਂ ਨੇ ਇਹਨਾਂ ਦੇ ਗਲ ਵਿਚ ਸੱਤਰ ਕੁ ਹਾਰ ਪਾ ਦਿੱਤੇ ਤਾਂ ਮੈਂ ਸੋਚਿਆ ਮੈਂ ਕਿਉਂ ਪਿੱਛੇ ਰਹਾਂ। ਇੱਕ ਹਾਰ ਮੈਂ ਵੀ ਕਿਸੇ ਤੋਂ ਫੜ ਕੇ ਇਹਨਾਂ ਦੇ ਗਲ ਪਾ ਦਿੱਤਾ ਤਾਂ ਇਹਨਾਂ ਉਹੀਓ ਹਾਰ ਆਪਣੇ ਗਲੋਂ ਉਤਾਰ ਕੇ ਮੇਰੇ ਗਲ ਪਾਇਆ ਤਾਂ ਦਰਸ਼ਕਾਂ ਵਿਚੋਂ ਕਈ ਬੋਲ ਉਠੇ, ਸਵੰਬਰ ਦੀ ਰਸਮ ਤਾਂ ਅੱਜ ਪੂਰੀ ਹੋਈ ਹੈ। ਮੈਨੂੰ ਸੰਗ ਵੀ ਆਈ ਤੇ ਖੁਸ਼ੀ ਵੀ ਹੋਈ।

(?) ਆਪਣੇ ਬੱਚਿਆਂ ਬਾਰੇ ਦੱਸੋ, ਉਹ ਕੀ ਕੀ ਕਰਦੇ ਹਨ? (ਉ) ਰੁਲ ਖੁਲ ਕੇ ਕਿਸੇ ਪੱਤਣ ਜਾ ਹੀ ਲਗੇ। ਇੱਕ ਕੈਨੇਡਾ ਵਿਚ ਸੁੱਖੀਂ ਸਾਂਦੀਂ ਵਸਦਾ ਹੈ ਤੇ ਵੱਡਾ ਪੁੱਤਰ ਅੱਜ ਕਲ੍ਹ ਫੌਜ ਵਿਚ ਕਰਨਲ ਹੈ। ਸਾਡੇ ਕੋਈ ਧੀ ਨਹੀਂ ਜੰਮੀਂ, ਦੋਵੇਂ ਪੱਤਰ ਹੀ ਹੋਏ। ਵਡੇ ਪੁੱਤਰ ਨੂੰ ਵੀ ਰੱਬ ਨੇ ਅੱਗੋਂ ਦੋ ਪੁੱਤਰ ਹੀ ਦਿੱਤੇ ਹਨ। ਕੈਨੇਡਾ ਵਾਲੇ ਦੇ ਵੀ ਦੋ ਹੀ ਬੱਚੇ ਹਨ। (?) ਰੁਲ ਖੁਲ ਕੇ ਪੱਤਣ ਲਗਣ ਵਾਲੀ ਗਲ ਮੈਨੂੰ ਸਮਝ ਨਹੀਂ ਆਈ। ਪਤੀ ਤੁਹਾਡੇ ਪ੍ਰਿੰਸੀਪਲ, ਮਾਇਆ ਦੀ ਕਮੀ ਨਹੀਂ, ਬੱਚਿਆਂ ਨੂੰ ਫੇਰ ਵੀ ਰੁਲਣਾ ਪਿਆ, ਉਹ ਕਿਵੇਂ? (ਉ) ਸਕੂਲ ਦੀ ਪੜ੍ਹਾਈ ਵਿਚ ਦੋਵੇਂ ਹੀ ਨਾਲਾਇਕ ਸਨ। ਵਡੇ ਨੇ ਮੈਟ੍ਰਿਕ ਪਾਸ ਤਾਂ ਕੀਤੀ ਪਰ ਮਸੀਂ। ਸਰਦਾਰ ਜੀ ਨੇ ਖਿੱਝ ਕੇ ਫੌਜ ਵਿਚ ਭਰਤੀ ਕਰਵਾ ਦਿੱਤਾ ਤਾਂ ਪਤਾ ਨਹੀਂ ਕਿਵੇਂ ਉਹਨੂੰ ਪੜ੍ਹਨ ਦਾ ਸ਼ੌਕ ਪੈ ਗਿਆ। ਬਸ, ਫਿਰ ਕੀ ਸੀ ਆਪਣੇ ਪਿਤਾ ਵਾਂਗ ਮਿਹਨਤ ਕਰ ਕੇ ਦਿਨਾਂ ਵਿਚ ਹੀ ਕਮਿਸ਼ਨਡ ਆਫੀਸਰ ਬਣ ਗਿਆ। ਪੜ੍ਹਨ ਵਿਚ ਦੂਜਾ ਵੀ ਓਨਾਂ ਹੀ ਫਾਡੀ। ਪਰ ਜਦ ਉਸ ਨੇ ਆਪਣੇ ਵਡੇ ਵੀਰ ਨੂੰ ਤਰੱਕੀ ਕਰਦਿਆਂ ਵੇਖਿਆ ਤਾਂ ਉਸ ਨੇ ਅਮੀਰ ਬਣਨ ਲਈ ਵਿਦੇਸ਼ਾਂ ਵਿਚ ਜਾ ਕੇ ਹੀ ਸਾਹ ਲਿਆ। ਦੋਵੇਂ ਆਪਣੇ ਪੈਰਾਂ ਤੇ ਆਪ ਹੀ ਖਲੋਤੇ। ਆਪਣੇ ਵਿਆਹ ਵੀ ਆਪ ਹੀ ਕਰਵਾਏ। ਦੋਹਾਂ ਨੇ ਆਪਣੀ ਆਪਣੀ ਕਬੀਲਦਾਰੀ ਦੇ ਭਾਰ ਆਪ ਹੀ ਚੁੱਕੇ ਹੋਏ ਨੇ। ਇਹੋ ਜਿਹੇ ਬੱਚੇ ਤਾਂ ਰੱਬ ਕਿਸੇ ਭਾਗਾਂ ਵਾਲੇ ਨੂੰ ਹੀ ਦਿੰਦਾ ਹੈ। ਛੋਟੇ ਪੁੱਤ ਦਾ ਨਾਉਂ ਬਰਜਿੰਦਰ ਸਿੰਘ ਤੇ ਵਡੇ ਦਾ ਨਾਉਂ ਕਰਨਲ ਗੁਰਦੀਪ ਸਿੰਘ।

(?) ਪ੍ਰਿੰਸੀਪਲ ਸਾਹਿਬ ਲਈ ਸ਼ਰਾਬ ਉਹਨਾਂ ਦੀ ਲੋੜ ਹੈ ਜਾਂ ਆਦਤ ? (ਉ) ਜਿਸ ਨੂੰ ਸ਼ਰਾਬ ਦੀ ਆਦਤ ਹੀ ਪੈ ਜਾਏ, ਉਸ ਨੂੰ ਲੋੜ ਕਿਵੇਂ ਨਾ ਪਵੇ? ਲੋੜ ਪੈਂਦੀ ਰਹੇ ਤਾਂ ਆਦਤ ਵੀ ਪੈ ਜਾਂਦੀ ਹੈ। ਮੈਂ ਤਾਂ ਕਦੇ ਨਾਗਾ ਪੈਂਦਾ ਵੇਖਿਆ ਨਹੀਂ। ਹਾਂ ਏਨਾ ਜ਼ਰੂਰ ਹੈ ਕਿ ਦਿਨੇ ਕਿਸੇ ਖਾਸ ਮਿੱਤਰ ਦੇ ਕਹੇ ਭਾਵੇਂ ਪੀ ਲੈਣ, ਨਹੀਂ ਤਾਂ ਸੂਰਜ ਡੁਬੱਣ ਤੋਂ ਪਹਿਲਾਂ ਨਹੀਂ ਪੀਂਦੇ। ਮੈਨੂੰ ਈਹੋ ਜਿਹੀ ਪੀਣੀ ਤੇ ਇਤਰਾਜ਼ ਵੀ ਨਹੀਂ । ਮੈਂ ਤਾਂ ਆਪ ਆਖਦੀ ਹੁੰਦੀ ਹਾਂ ਕਿ ਪੀਓ ਤੇ ਜੀਓ। ਪਰ ਉਹਨਾਂ ਦੇ ਸੱਤੀਂ ਕਪੜੀਂ ਅੱਗ ਲੱਗ ਜਾਂਦੀ ਹੈ। (?) । ਭਾਬੀ ਜੀ ਉਹ ਕਿਉਂ? (ਉ) ਆਖਣਗੇ, ਤੂੰ ਤਾਂ ਚਾਹੁੰਨੀ ਏ ਕਿ ਮੈਂ ਪੀ ਪੀ ਕੇ ਸੰਸਾਰ ਤੋਂ ਛੇਤੀ ਚਲਦਾ ਬਣਾ ਤਾਂ ਜੋ ਤੂੰ ਬੈਠੀ ਬਠਾਈ ਲੱਖਾਂ ਦੀ ਮਾਲਕ ਬਣ ਜਾਵੇਂ ਤੇ ਤੇਰੇ ਲਈ ਚਾਰੇ ਰਾਹ ਮੋਕਲੇ ਹੋ ਜਾਣ।

(?) ਕਦੀ ਇਹ ਤੁਹਾਨੂੰ ਵੀ ਸ਼ਿਅਰ ਸੁਣਾਉਂਦੇ ਹੋਣਗੇ? (ਉ) ਮੈਨੂੰ ਸ਼ਿਅਰ ਸੁਣਾਉਣੇ ਮੱਝ ਅੱਗੇ ਬੀਨ ਵਜਾਉਣ ਵਾਲੀ ਗਲ ਹੈ। ਉਂਜ ਜਦੋਂ ਇਹਨਾਂ ਨੂੰ ਟੀ.ਵੀ. ਤੇ ਸੁਣਦੀ ਹਾਂ ਜਾਂ ਮੈਨੂੰ ਕਿਸੇ ਕਵੀ ਦਰਬਾਰ ਵਿਚ ਆਪਣੇ ਨਾਲ ਲੈ ਜਾਂਦੇ ਹਨ ਤੇ ਲੋਕ ਇਹਨਾਂ ਦੇ ਸ਼ਿਅਰ ਸੁਣ ਕੇ ਵਾਹ-ਵਾਹ ਕਰਦੇ ਨੇ ਤਾਂ ਮੈਂ ਸੋਚਦੀ ਹਾਂ, ਸ਼ਿਅਰ ਚੰਗੇ ਹੀ ਹੋਣਗੇ, ਨਹੀਂ ਤਾਂ ਲੋਕ ਏਨੀਂ ਦਾਦ ਕਿਉਂ ਦੇਣ?। (?) ।ਇਹਨਾਂ ਦੇ ਲਿਖਣ-ਪੜ੍ਹਨ ਦਾ ਰੁਟੀਨ ਦੱਸੋ ? (ਉ) ਰੁਟੀਨ ਤੋਂ ਤੁਹਾਡਾ ਕੀ ਮਤਲਬ ਹੈ। ਮੈਂ ਤਾਂ ਲੋਢੂਵਾਲ ਤੱਕ ਪੜ੍ਹੀ ਹਾਂ ਤੇ ਉਹ ਵੀ ਗੁਰਮੁਖੀ।

(?) ਨਿੱਤ-ਦਿਹਾੜੀ ਇਹਨਾਂ ਦਾ ਲਿਖਣ-ਪੜ੍ਹਨ ਦਾ ਕੰਮ ਕਿਵੇਂ ਚਲਦਾ ਹੈ? (ਉ) ਲੋਕ ਆਖਦੇ ਹਨ ਕਿ ਇਹ ਬੜੀ ਠੇਠ ਪੰਜਾਬੀ ਲਿਖਦੇ ਹਨ ਪਰ ਇਹਨਾਂ ਨੂੰ ਪੰਜਾਬੀ ਪੜ੍ਹਨ ਦਾ ਸ਼ੌਕ ਨਾ-ਮਿਾਤਰ ਹੀ ਹੈ। ਅਖਬਾਰ ਅੰਗਰੇਜ਼ੀ ਦਾ ਪੜ੍ਹਦੇ ਹਨ ਅਤੇ ਸਾਹਿਤਕ ਪਰਚੇ ਉਰਦੂ ਦੇ, ਉਹ ਵੀ ਜਿਹੜੇ ਪਾਕਿਸਤਾਨ ਤੋਂ ਆਉਂਦੇ ਹਨ। ਨਿੱਠ ਕੇ ਨਾ ਪੜ੍ਹਦੇ ਹਨ, ਨਾ ਲਿਖਦੇ ਹਨ। ਜਦੋਂ ਘਰ ਦਾ ਬਾਹਰਲਾ ਬੂਹਾ ਢੋ ਕੇ ਇਹ ਵਿਹੜੇ ਵਿਚ ਗੁਣਗਣਾਉਂਦੇ ਹੋਏ ਚੱਕਰ ਕੱਢਣ ਲੱਗ ਪੈਂਦੇ ਹਨ ਤਾਂ ਮੈਨੂੰ ਪਤਾ ਲੱਗ ਜਾਂਦਾ ਹੈ ਕਿ ਹੁਣ ਇਹਨਾਂ 'ਤੇ ਗਜ਼ਲ ਲਿਖਣ ਦਾ ਭੂਤ ਸਵਾਰ ਹੋ ਗਿਆ ਹੈ। ਜੇ ਕੋਈ ਚੰਗਾ ਜਿਹਾ ਗਜ਼ਲ ਦਾ ਸ਼ਿਅਰ ਸੁੱਝ ਪਵੇ ਤਾਂ ਜਾਂ ਤਾਂ ਉਚੀ ਦੇਣੇ ਚਾਂਗਰ ਮਾਰਦੇ ਹਨ ਜਾਂ ਸ਼ੀਸ਼ੇ ਅੱਗੇ ਖਲੋ ਕੇ ਉਚੀ ਉਚੀ ਹੱਸਦੇ ਹਨ । ਫਿਰ ਤੁਰੰਤ ਸੁੱਝਿਆ ਸਿਅਰ ਕਾਗਜ਼ ਤੇ ਨੋਟ ਕਰ ਕੇ ਵਿਹੜੇ ਵਿਚ ਘੁੰਣ ਲਗ ਪੈਂਦੇ ਹਨ। ਮੈਨੂੰ ਛਡ ਕੇ ਜੇ ਘਰ ਵਿਚ ਕੋਈ ਨਾ ਹੋਵੇ ਤਾਂ ਸੁੱਖ ਨਾਲ ਦਾਲ ਦੀ ਥਾਂ ਕੋਈ ਸਬਜ਼ੀ ਬਣੀ ਹੋਵੇ ਤਾਂ ਹੱਥ ਦੀ ਤਲੀ ਤੋਂ ਥਾਲੀ ਦਾ ਕੰਮ ਲੈਂਦੇ ਹੋਏ ਵਿਹੜੇ ਵਿਚ ਘੁੰਮ ਫਿਰ ਕੇ ਨਾਲੇ ਤਾਂ ਰੋਟੀ ਖਾਣਗੇ ਤੇ ਨਾਲੇ ਸ਼ਿਅਰ ਸੋਚਦੇ ਰਹਿਣਗੇ। ਕਈ ਵਾਰੀ ਤਾਂ ਸਕੂਟਰ ਚਲਾਉਂਦਿਆਂ ਵੀ ਇਹਨਾਂ ਤੇ ਜਦੋਂ ਗਜ਼ਲ ਦਾ ਭੂਤ ਸਵਾਰ ਹੁੰਦਾ ਹੈ ਤਾਂ ਪਿਛਲੀ ਸੀਟ ਤੇ ਬੈਠੀ ਦੀ ਮੇਰੀ ਜਾਨ ਤ੍ਰਾਹ ਤ੍ਰਾਹ ਕਰਦੀ ਰਹਿੰਦੀ ਹੈ।

(?) ਭਾਬੀ ਜੀ, ਇੱਕ ਗਲ ਦੀ ਸਮਝ ਨਹੀਂ ਪਈ, ਪਹਿਲਾਂ ਤਾਂ ਪ੍ਰਿੰਸੀਪਲ ਹੋਰਾਂ ਨੂੰ ਤੁਸੀਂ ਸਰਦਾਰ ਜੀ ਕਹਿ ਕੇ ਬਲਾਉਂਦੇ ਹੋ, ਫਿਰ ਬਾਕੀ ਦੀ ਗਲ ਬਾਤ ਵਿਚ ਤੁਸੀਂ ਉਹਨਾਂ ਨੂੰ ਤੂੰ ਸ਼ਬਦ ਨਾਲ ਸੰਬੋਧਿਤ ਕਰਦੇ ਨਹੀਂ ਥਕਦੇ। ਇਹ ਕਿਉਂ? (ਉ) ਮੈਂ ਏਨੀ ਪੜ੍ਹੀ-ਲਿਖੀ ਨਹੀਂ ਕਿ ਤੂੰ ਤੇ ਤੁਸੀਂ ਵਿਚਲਾ ਫਰਕ ਸਮਝਦੀ ਫਿਰਾਂ। ਮੇਰੀ ਸੱਸ ਨੂੰ ਚੰਗਾ ਭਲਾ ਪਤਾ ਸੀ ਕਿ ਜਦੋਂ ਗਿਆਨੀ ਜੀ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਹ ਪੰਜਾਬ ਭਰ ਦੇ ਸਭ ਤੋਂ ਵਡੇ ਮਨੁੱਖ ਸਨ ਪਰ ਮੇਰੀ ਸੱਸ ਮਰਦੇ ਦਮ ਤੱਕ ਉਹਨਾਂ ਨੂੰ ਤੂੰ ਕਹਿ ਕੇ ਬੁਲਾਉਂਦੀ ਰਹੀ।

ਜ਼ਿਮੀਦਾਰਾਂ ਦਾ ਕਪੜੇ ਦਾ ਹੱਟ - ਨਵੀਂ ਪੰਜਾਬੀ ਮਾਰਕਿਟ ਦੀ ਸ਼ਾਨ, ਜੋ ਕਿ ਐਬਟਸਫੋਰਡ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੈ

ਓਵਰਸੀਜ਼ ਫੈਬਰਿਕਸ ਐਂਡ ਵੈਡਿੰਗ ਸੈਂਟਰ

ਜਿਮੀਂਦਾਰਾ ਦੇ ਹੱਟ ਤੇ 3 ਦਿਨਾਂ ਲਈ ਲਗਾ ਦਿਤੀ ਹੈ 20ਵੀ ਸਦੀ ਦੀ Madness ਸੇਲ। ਇਸ ਸੇਲ ਵਿਚ ਕੀਮਤਾਂ ਇਨੀਆਂ ਘੱਟ ਹਨ ਕਿ ਨਾ ਕਦੇ ਲਗੀਆਂ ਹਨ ਤੇ ਨਾ ਹੀ ਲਗਣਗੀਆਂ।

PH: 864-8100   FAX: 850-0625

ਔਰਤਾਂ ਲਈ
3 ਸੂਟ ਮੁਫੱਤ ਲਵੋ ਜੀ
100 ਡਾਲਰ ਦੇ 4 ਅਤੇ 5 ਸੂਟ ਖ੍ਰੀਦਣ ਨਾਲ
~~Regular ਕੀਮਤ 25 ਤੋਂ 35 ਡਾਲਰ ਸੂਟ~~

4 ਚੁਨੀਆਂ $10.00 ਦੀਆਂ

ਮਰਦਾਂ ਲਈ
ਗਰਮ ਸੂਟਾਂ ਦਾ ਕਪੜਾ
$100.00 ਡਾਲਰ ਦੇ 5 ਸੂਟ ਖ੍ਰੀਦੋ
ਅਤੇ 3 ਸੂਟ ਮੁਫਤ ਲਵੋ ਜੀ
~~Reg ਸੂਟ~~ $20.00



ਰਜਾਈਆਂ ਭਰਨ ਤੇ ਸੂਟ ਬਨਾਉਣ ਵਾਲੀ ਕਾਟਨ
$1.49 ਨੂੰ ਮੀਟਰ

ਰਜਾਈਆਂ ਭਰਨ ਵਾਲਾ ਰੂੰ ਦਾ ਪੂਰਾ ਰੋਲ
2 ਰੋਲ ਸਿਰਫ
$105.00

ਬਾਕੀ ਸਟੋਰ ਵਿਚ ਆਓ ਤੇ ਲੁੱਟ ਮੱਚ ਸੇਲ ਦਾ ਫਾਇਦਾ ਉਠਾਓ। ਇਹ ਸੇਲ ਸਿਰਫ ਤਿੰਨ ਦਿਨਾਂ ਲਈ ਹੈ

ਇੰਡੀਆ ਤੋਂ ਸਿਲਕ, ਰੈਡੀਮੈਡ ਸੂਟ ਲਹਿੰਗੇ, ਸਾੜੀਆਂ ਦੀ ਨਵੀਂ ਸ਼ਿਪਮੈਂਟ ਪਹੁੰਚ ਚੁੱਕੀ ਹੈ। ਜਲਦੀ ਪਹੁੰਚੋ ਤੇ ਮੇਹਨਤ ਨਾਲ ਕਮਾਏ ਡਾਲਰਾਂ ਦੀ ਬਚੱਤ ਕਰੋ

ਓਵਰਸੀਜ਼ ਵੀਡਿਓ ਅਤੇ ਗਿਫਟ ਸੈਂਟਰ
870-0110

ਗਾਹਕਾਂ ਦੀ ਤਸੱਲੀ ਸਾਡਾ ਮੁੱਖ ਨਿਸ਼ਾਨਾ ਹੈ।

Vaisakhi Celebrations at Abby Sikh Temple



300 ਸਾਲਾ ਖਾਲਸਾ ਸਾਜਨਾ ਦਿਵਸ ਦੀਆਂ ਝਲਕੀਆਂ
ਖੱਬਿਓਂ-ਸੱਜੇ
